PUNJAB VIDHAN SABHA

DEBATES

Wednesday, the 18th March, 2015

Vol. X– No. 4

OFFICIAL REPORT

CONTENTS

	Page
Starred Questions and Answers	(4) 1
Written Answers to Starred Questions laid on the Table of the House under Rule 38	(4) 38
Ruling by the Speaker	(4) 43
Presentation of the Budget Estimates for the year 2015-16	(4) 44
Appendix	(i)

Punjab Vidhan Sabha Secretariat, Chandigarh

Price : Rs.________.

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
8)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ

9)	ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
10)	ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ
11)	ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
12)	ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ
13)	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ
14)	ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
15)	ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
16)	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
17)	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਜਾਈ ਮੰਤਰੀ
18)	ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
2)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
5)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6)	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਸਿੰਚਾਈ
7)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ
13)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14)	ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ

15) ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16) ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
17) ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18) ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19) ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Wednesday, the 18 March, 2015

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਬਾਈ-ਪਾਸ ਬਣਾਉਣਾ

***1817. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੜ੍ਹਸ਼ੰਕਰ ਵਿਖੇ ਭਾਰੀ ਰਸ਼ ਨੂੰ ਮੁੱਖ ਰੱਖਦੇ ਹੋਏ, ਬਾਈਪਾਸ ਬਣਾਉਣ ਦੀ ਜੋ ਤਜਵੀਜ਼ ਸੀ, ਉਸ ਦੀ ਮੌਜੂਦਾ ਸਥਿਤੀ ਕੀ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਗੜ੍ਹਸ਼ੰਕਰ ਵਿਖੇ ਬਾਈਪਾਸ ਬਣਾਉਣ ਦੀ ਹਾਲ ਦੀ ਘੜੀ ਸਰਕਾਰ ਦੇ ਵਿਚਾਰ ਅਧੀਨ ਕੋਈ ਵੀ ਤਜਵੀਜ਼ ਨਹੀਂ ਹੈ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਸ਼ਹਿਰ ਵਿੱਚੋਂ ਦੀ ਰੇਲਵੇ ਲਾਈਨ ਲੰਘਦੀ ਹੈ ਅਤੇ ਸ਼ਹੀਦ ਭਗਤ ਸਿੰਘ ਨਗਰ ਤੋਂ ਗੜ੍ਹਸ਼ੰਕਰ ਤੱਕ ਨੈਸ਼ਨਲ ਹਾਈਵੇਅ ਡਿਕਲੇਅਰ ਹੋ ਗਿਆ ਹੈ। ਬਲਾਚੌਰ ਤੋਂ ਗੜ੍ਹਸ਼ੰਕਰ, ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ, ਨੰਗਲ ਟਾਊਨਸ਼ਿਪ ਤੋਂ ਗੜ੍ਹਸ਼ੰਕਰ, ਆਦਮਪੁਰ ਤੋਂ ਗੜ੍ਹਸ਼ੰਕਰ, ਬੰਗਾ ਤੋਂ ਗੜ੍ਹਸ਼ੰਕਰ, ਅਨੰਦਪੁਰ ਸਾਹਿਬ ਤੋਂ ਗੜ੍ਹਸ਼ੰਕਰ, ਇਹ ਚਾਰ ਸੜਕਾਂ ਇਸ ਸ਼ਹਿਰ ਦੇ ਵਿੱਚ ਆ ਕੇ ਮਿਲਦੀਆਂ ਹਨ ਅਤੇ ਗੜ੍ਹਸ਼ੰਕਰ ਵਿੱਚ ਟ੍ਰੈਫਿਕ ਚੰਡੀਗੜ੍ਹ ਤੋਂ ਜਾਂਦਾ ਹੈ। ਜੇ.ਐਂਡ.ਕੇ., ਹਿਮਾਚਲ ਪ੍ਰਦੇਸ਼, ਪਠਾਨਕੋਟ, ਦਸੂਹਾ, ਮੁਕੇਰੀਆਂ, ਟਾਂਡਾ ਅਤੇ ਗੁਰਦਾਸਪੁਰ ਨੂੰ ਜਾਣ ਵਾਲਾ ਸਾਰਾ ਟ੍ਰੈਫਿਕ ਗੜ੍ਹਸ਼ੰਕਰ ਵਿਚੋਂ ਦੀ ਲੰਘਦਾ ਹੈ ਔਰ ਜਿਸ ਵੇਲੇ ਰੇਲ ਲੰਘਦੀ ਹੈ ਤਾਂ ਸਾਨੂੰ ਪੌਣਾ-ਪੌਣਾ ਘੰਟਾ ਟ੍ਰੈਫਿਕ ਵਿੱਚ ਖੜ੍ਹਨਾ ਪੈਂਦਾ ਹੈ। ਰੇਲ ਲੰਘਣ ਤੋਂ ਬਾਅਦ ਵੀ ਸਾਨੂੰ ਟ੍ਰੈਫਿਕ ਵਿੱਚ ਖੜ੍ਹਨਾ ਪੈਂਦਾ ਹੈ। ਮੈਂ ਮੰਤਰੀ ਜੀ ਨੂੰ ਅਤੇ ਡਿਪਟੀ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਹੋਰ ਸ਼ਹਿਰਾਂ ਵਿੱਚ.ਜਿਥੇ ਛੋਟੇ ਛੋਟੇ

[ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ]

ਫਾਟਕ ਹਨ, ਉਥੇ ਵੱਡੇ ਵੱਡੇ ਬ੍ਰਿਜ ਬਣਾ ਦਿੱਤੇ ਗਏ ਹਨ ਫਿਰ ਇਸ ਗੜ੍ਹਸ਼ੰਕਰ ਦੇ ਨਾਲ ਕਿਉਂ ਵਿਤਕਰਾ ਹੋ ਰਿਹਾ ਹੈ? ਇਸ ਕਰਕੇ ਮੈਂ ਡਿਪਟੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਗੜ੍ਹਸ਼ੰਕਰ ਬਾਈਪਾਸ ਤੁਰੰਤ ਬਣਾਇਆ ਜਾਵੇ ਕਿਉਂਕਿ ਇੱਥੇ ਬਾਈਪਾਸ ਵਾਸਤੇ ਜ਼ਮੀਨ ਵੀ ਕੋਈ ਬਹੁਤੀ ਐਕਵਾਇਰ ਨਹੀਂ ਕਰਨੀ ਪਵੇਗੀ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਗਰੀਬ ਲੋਕਾਂ ਅਤੇ ਨੀਲਾ ਕਾਰਡ ਧਾਰਕਾਂ ਦਾ ਮੈਡੀਕਲ ਬੀਮਾ ਕਰਨਾ

***1839. ਸ਼੍ਰੀ ਸੁਨੀਲ ਜਾਖੜ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਪੇਸ਼ ਕੀਤਾ ਗਿਆ):** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਵਿਭਾਗ ਦੁਆਰਾ ਰਾਜ ਦੇ ਗਰੀਬ ਲੋਕਾਂ, ਨੀਲਾ ਕਾਰਡ ਧਾਰਕਾਂ ਲਈ ਕੋਈ ਮੈਡੀਕਲ ਬੀਮਾ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ: ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਸਕੀਮਾਂ ਦੇ ਨਾਮ ਕੀ ਹਨ?

(ਅ) ਉਕਤ ਬੀਮਾ ਸਕੀਮਾਂ ਤਹਿਤ ਕਿੰਨੇ ਗਰੀਬਾਂ ਦਾ ਮੈਡੀਕਲ ਬੀਮਾ ਕੀਤਾ ਗਿਆ:

(ੲ) ਉਕਤ ਸਕੀਮ ਤਹਿਤ ਮਿਤੀ 01 ਜਨਵਰੀ, 2014 ਤੋਂ ਅੱਜ ਤੱਕ ਕਿੰਨੇ ਧਾਰਕਾਂ ਦਾ ਇਲਾਜ ਕੀਤਾ ਗਿਆ?

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ,

(ੳ) ਸਿਹਤ ਵਿਭਾਗ ਦੁਆਰਾ ਰਾਜ ਦੇ ਬੀ.ਪੀ.ਐਲ. ਪਰਿਵਾਰਾਂ ਲਈ ਰਾਸ਼ਟਰੀ ਸਵਾਸਥ ਬੀਮਾ ਯੋਜਨਾ ਅਤੇ ਨੀਲੇ ਕਾਰਡ ਧਾਰਕ ਪਰਿਵਾਰਾਂ ਲਈ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਚਲਾਈ ਜਾ ਰਹੀ ਹੈ।

(ਅ) ਰਾਸ਼ਟਰੀ ਸਵਾਸਥ ਬੀਮਾ ਯੋਜਨਾ ਅਧੀਨ 2.32 ਲੱਖ ਬੀ.ਪੀ.ਐਲ. ਪਰਿਵਾਰਾਂ ਦਾ ਅਤੇ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ

ਅਧੀਨ 5.26 ਲੱਖ ਨੀਲੇ ਕਾਰਡ ਧਾਰਕ ਪਰਿਵਾਰਾਂ ਦਾ ਮੈਡੀਕਲ ਬੀਮਾ ਕੀਤਾ ਗਿਆ ਸੀ।

(ੲ) ਮਿਤੀ 01 ਜਨਵਰੀ, 2014 ਤੋਂ ਹੁਣ ਤੱਕ ਰਾਸ਼ਟਰੀ ਸਵਾਸਥ ਬੀਮਾ ਯੋਜਨਾ ਅਧੀਨ 7658 ਕਾਰਡ ਧਾਰਕਾਂ ਅਤੇ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ 5679 ਕਾਰਡ ਧਾਰਕਾਂ ਦਾ ਇਲਾਜ ਕੀਤਾ ਗਿਆ ਹੈ।

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਇਹ ਸੈਂਟਰ ਸਪਾਂਸਰਡ ਸਕੀਮ ਹੈ। ਇਹ ਸਕੀਮ ਪੰਜ ਸਾਲ ਤੋਂ ਚੱਲ ਰਹੀ ਹੈ। ਇਹ ਸਰਕਾਰ ਦੀ ਨਲਾਇਕੀ ਹੈ। ਪੰਜਾਬ ਵਿਚ ਲਗਭੱਗ 4.5 ਲੱਖ ਬੀ.ਪੀ.ਐਲ. ਕਾਰਡ ਧਾਰਕ ਹਨ ਪਰ ਇਸ ਵਿਚੋਂ ਸਿਰਫ 2 ਲੱਖ 32 ਹਜ਼ਾਰ ਦਾ ਹੀ ਬੀਮਾ ਕੀਤਾ ਗਿਆ ਹੈ। ਕੈਂਸਰ ਦਾ ਇਲਾਜ ਇੰਨਾ ਮਹਿੰਗਾ ਹੁੰਦਾ ਹੈ, ਇਸ ਸਕੀਮ ਵਿਚ ਹਰ ਬਿਮਾਰੀ ਦਾ ਇਲਾਜ ਹੋ ਸਕਦਾ ਹੈ। ਸੋ, ਬਾਕੀ ਦੇ ਕਾਰਡ ਧਾਰਕਾਂ ਨੂੰ ਕਿਉਂ ਨਹੀਂ ਇਸ ਸਕੀਮ ਵਿਚ ਸ਼ਾਮਲ ਕੀਤਾ ਗਿਆ? ਇਸੇ ਤਰ੍ਹਾਂ ਪੰਜਾਬ ਵਿਚ 30 ਲੱਖ ਨੀਲੇ ਕਾਰਡ ਧਾਰਕ ਹਨ ਅਤੇ ਸਿਰਫ 5 ਲੱਖ 26 ਹਜ਼ਾਰ ਦਾ ਹੀ ਬੀਮਾ ਕੀਤਾ ਗਿਆ ਹੈ। ਬਾਕੀਆਂ ਦਾ ਕਿਉਂ ਨਹੀਂ ਕੀਤਾ ਗਿਆ? ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਕਦੋਂ ਤੱਕ ਇਨ੍ਹਾਂ ਨੂੰ ਬੀਮਾ ਸਕੀਮ ਵਿਚ ਸ਼ਾਮਲ ਕਰ ਲਵੇਗੀ?

ਮਾਨਯੋਗ ਸਪੀਕਰ : ਹਾਂ ਜੀ, ਇਹ ਪੁੱਛਦੇ ਹਨ ਕਿ ਕਦੋਂ ਤੱਕ ਬੀਮਾ ਸਕੀਮ ਤਹਿਤ ਲੈ ਆਓਗੇ?

ਮੰਤਰੀ : ਸਪੀਕਰ ਸਾਹਿਬ, ਅਸੀਂ ਤਾਂ ਪਰਾਪਰ ਸਰਵੇ ਕਰਵਾ ਕੇ ਸਭ ਨੂੰ ਇਸ ਸਕੀਮ ਦਾ ਲਾਭ ਦਿੰਦੇ ਹਾਂ ਪਰ ਕਈ ਲੋਕ ਖੁਦ ਹੀ ਆਫਰ ਨਹੀਂ ਕਰਦੇ। ਪਰ ਜਿਹੜੇ ਲੋਕ ਰਹਿ ਗਏ ਹਨ, ਉਨ੍ਹਾਂ ਨੂੰ ਵੀ ਜਲਦੀ ਹੀ ਸ਼ਾਮਲ ਕਰ ਲਵਾਂਗੇ।

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ: ਸਪੀਕਰ ਸਾਹਿਬ, ਇਸ ਨੂੰ ਟਾਈਮ ਬਾਉਂਡ ਕਰ ਦਿੱਤਾ ਜਾਵੇ ਜੀ। ਇਹ ਸਕੀਮ ਪੰਜ ਸਾਲ ਤੋਂ ਲਾਗੂ ਹੈ।

ਮੰਤਰੀ : ਸਪੀਕਰ ਸਾਹਿਬ, ਇਸ ਸਾਲ ਦਾ ਪੀਰੀਅਡ ਖਤਮ ਹੋਣ ਵਾਲਾ ਹੈ। ਜਦੋਂ ਨਵੇਂ ਸ਼ੁਰੂ ਹੋਣਗੇ ਤਾਂ ਕਰ ਦਿਆਂਗੇ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੇਰਾ ਸਵਾਲ ਰਹਿ ਗਿਆ ਜੀ।

ਮਾਨਯੋਗ ਸਪੀਕਰ : ਤੁਹਾਡਾ ਨੈਕਸਟ ਹੈ ਜੀ, ਤੁਸੀਂ ਤਾਂ ਪਹਿਲਾਂ ਹੀ ਔਖੇ ਹੋ ਗਏ ਹੋ। ਹਾਂ ਜੀ ਦੱਸੋ।

ਲਿੰਕ ਸੜਕਾਂ ਦੀ ਉਸਾਰੀ ਕਰਨਾ

***1812. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿਚ ਪੱਖੋਵਾਲ ਤੋਂ ਝਾਂਡੇ ਲਿੰਕ ਸੜਕ ਦੀ ਉਸਾਰੀ ਕਦੋਂ ਸ਼ੁਰੂ ਕੀਤੀ ਗਈ ਸੀ ਅਤੇ ਇਸ ਸੜਕ ਦੀ ਉਸਾਰੀ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਹ ਕਦੋਂ ਤੱਕ ਮੁਕੰਮਲ ਹੋਵੇਗੀ?

ਸਰਦਾਰ ਤੋਤਾ ਸਿੰਘ : ਜ਼ਿਲ੍ਹਾ ਲੁਧਿਆਣਾ ਵਿਚ ਪੱਖੋਵਾਲ ਤੋਂ ਝਾਂਡੇ ਲਿੰਕ ਸੜਕ ਦੀ ਉਸਾਰੀ ਦਾ ਕੰਮ 12.07.2011 ਨੂੰ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਵਲੋਂ ਮੁਹੱਈਆ ਕਰਵਾਏ ਗਏ ਫੰਡਾਂ ਨਾਲ ਸ਼ੁਰੂ ਕੀਤਾ ਗਿਆ ਸੀ। ਹੁਣ ਤੱਕ ਇਸ ਸੜਕ ਦਾ 66 ਪ੍ਰਤੀਸ਼ਤ ਕੰਮ ਮੁਕੰਮਲ ਹੋ ਚੁੱਕਾ ਹੈ। ਪ੍ਰੰਤੂ ਕਿਉਂਜੋ ਗਲਾਡਾ ਵਲੋਂ ਸਿਰਫ 50 ਪ੍ਰਤੀਸ਼ਤ ਫੰਡ ਹੀ ਦਿੱਤੇ ਗਏ ਹਨ, ਇਸ ਲਈ ਇਸ ਸੜਕ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ। ਉਨ੍ਹਾਂ ਤੋਂ ਬਾਕੀ ਫੰਡ ਪ੍ਰਾਪਤ ਹੋਣ ਤੇ ਸੜਕ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਸਤਿਕਾਰਯੋਗ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸਾਡੀ ਬੇਨਤੀ ਨੂੰ ਪ੍ਰਵਾਨ ਕਰਕੇ ਇਹ ਸੜਕ ਬਣਾਉਣ ਦੀ ਮਨਜ਼ੂਰੀ ਦਿੱਤੀ ਹੈ। ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਬਣ ਰਹੀ ਹੈ ਇਸਦਾ ਕੰਮ 12.07.2011 ਨੂੰ ਸ਼ੁਰੂ ਹੋਇਆ ਹੈ। ਹੁਣ ਸਾਢੇ ਚਾਰ ਸਾਲ ਦਾ ਸਮਾਂ ਹੋ ਗਿਆ ਹੈ ਪਰ ਇਸ ਸੜਕ ਦਾ 35 ਫੀਸਦੀ ਕੰਮ ਪੈਂਡਿੰਗ ਪਿਆ ਹੈ। ਇਹ ਸੜਕ ਪੱਖੋਵਾਲ ਰੋਡ ਤੋਂ ਲੈ ਕੇ ਫਿਰੋਜ਼ਪੁਰ ਰੋਡ ਤੱਕ ਬਾਈਪਾਸ ਦਾ ਕੰਮ ਦੇ ਰਹੀ ਹੈ। ਲੁਧਿਆਣੇ ਵਿਚ ਟਰੈਫਿਕ ਦਾ ਕੀ ਹਾਲ ਹੈ, ਇਸ ਬਾਰੇ ਤੁਸੀਂ ਭਲੀਭਾਂਤ ਜਾਣੂ ਹੋ। ਜਿਨ੍ਹਾ ਲੋਕਾਂ ਨੇ ਬਾਹਰੋਂ-ਬਾਹਰ ਜਾਣਾ ਹੈ, ਉਨ੍ਹਾਂ ਨੇ ਇਹ ਸੜਕ ਇਸਤੇਮਾਲ ਕਰਨੀ ਹੈ। ਪੰਜ ਸਾਲ ਸੜਕ ਦੀ

ਮੁਨਿਆਦ ਹੈ ਅਤੇ ਸਾਢੇ ਚਾਰ ਸਾਲ ਇਸ ਨੂੰ ਬਣਦੇ ਨੂੰ ਹੋ ਗਏ। ਸੋ, ਇਹ ਸੜਕ ਕਦੋਂ ਪੂਰੀ ਹੋਵੇਗੀ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮਾਨਯੋਗ ਐਮ.ਐਲ.ਏ. ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਹਿੰਮਤ ਕਰਕੇ ਇਹ ਸੜਕ ਮਨਜ਼ੂਰ ਕਰਵਾਈ ਹੈ। ਇਸ ਸੜਕ ਨੂੰ ਬਣਾਉਣ ਲਈ ਗਲਾਡਾ ਨੇ ਫੰਡ ਦੇਣੇ ਹਨ, ਮੰਡੀ ਬੋਰਡ ਤਾਂ ਕੇਵਲ ਆਪਣੀ ਸਰਵਿਸ ਦੇ ਰਿਹਾ ਹੈ। ਸੋ, ਇਹ ਵੀ ਕੋਸ਼ਿਸ਼ ਕਰਨ ਕਿ ਗਲਾਡਾ ਤੋਂ ਜਲਦੀ ਫੰਡ ਰਿਲੀਜ਼ ਕਰਵਾ ਲੈਣ। ਅਸੀਂ ਵੀ ਕੋਸ਼ਿਸ਼ ਕਰ ਰਹੇ ਹਾਂ। ਇਸ ਸੜਕ ਤੇ ਕੇਵਲ ਪਰੀਮਿਕਸ ਪਾਉਣੀ ਰਹਿੰਦੀ ਹੈ। ਜੇਕਰ ਸਾਨੂੰ ਪੈਸੇ ਮਿਲ ਜਾਂਦੇ ਹਨ ਤਾਂ ਅਸੀਂ ਛੇ ਮਹੀਨੇ ਤੋਂ ਪਹਿਲਾਂ ਇਸ ਸੜਕ ਤੇ ਪਰੀਮਿਕਸ ਪਾ ਦਿਆਂਗੇ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਸਿਰਫ ਪਰੀਮਿਕਸ ਪੈਣ ਦਾ ਹੀ ਕੰਮ ਹੈ। ਗਲਾਡਾ ਵਾਲੇ ਐਸ਼ਿਓਰੈਂਸ ਦੇ ਦੇਣ ਜੀ। ਸੜਕ ਦਾ ਸਾਰਾ ਪੱਥਰ ਖਿੰਡ ਗਿਆ ਹੈ ਜੀ, ਦੁਬਾਰਾ ਫਿਰ ਇੰਨੇ ਪੈਸੇ ਲੱਗਣਗੇ। 35% ਕੰਮ ਪੈਂਡਿਗ ਪਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਮੇਰੀ ਇੱਕ ਗੱਲ ਸੁਣ ਲਓ।

ਮਾਨਯੋਗ ਸਪੀਕਰ : ਹਾਂ ਜੀ, ਦੱਸੋ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੇਰੇ ਵੀਰ ਨੇ ਗਲਾਡਾ ਦੀ ਗੱਲ ਕੀਤੀ ਹੈ। ਮੈਂ ਤੁਹਾਨੂੰ ਗਮਾਡਾ ਦੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਸਾਡੇ ਬਹੁਤ ਸਾਰੇ ਪਿੰਡ ਗਮਾਡਾ ਵਿੱਚ ਕਵਰ ਹੋ ਗਏ ਹਨ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੇਰਾ ਜੁਆਬ ਤਾਂ ਆਇਆ ਹੀ ਨਹੀਂ ਹੈ।

ਮਾਨਯੋਗ ਸਪੀਕਰ : ਜਵਾਬ ਤੁਹਾਡਾ ਆ ਗਿਆ ਹੈ। ਜਥੇਦਾਰ ਜੀ ਨੇ ਦੱਸ ਦਿੱਤਾ ਹੈ ਕਿ ਪੈਸੇ ਆਉਣਗੇ ਤਾਂ ਫਿਰ ਅਸੀਂ ਬਣਾਵਾਂਗੇ। ਪੈਸੇ ਗਲਾਡਾ ਨੇ ਦੇਣੇ ਹਨ। ਇਨ੍ਹਾਂ ਨੇ ਆਪਣੀ ਕਾਰਵਾਈ ਕਰ ਦਿੱਤੀ ਹੈ ਕਿ ਅਸੀਂ ਉਨ੍ਹਾਂ ਨੂੰ ਲਿਖ ਕੇ ਦੇ ਦਿੱਤਾ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਠੀਕ ਹੈ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਸਾਡੇ ਬਹੁਤ ਸਾਰੇ ਪਿੰਡ ਗਮਾਡਾ ਵਿੱਚ ਕਵਰ ਹੋ ਗਏ। ਉਸ ਦੀ ਲਿਮਟ ਵਿੱਚ ਆ ਗਏ ਪਰ ਉਨ੍ਹਾਂ ਲਿੰਕ ਸੜਕਾਂ ਦਾ ਕੋਈ ਵਾਲੀ ਵਾਰਸ ਨਹੀਂ ਹੈ। ਇੱਥੇ ਡਿਪਟੀ ਸੀ.ਐਮ.ਸਾਹਿਬ ਬੈਠੇ ਹਨ। ਲਿੰਕ ਸੜਕਾਂ ਦੀ ਰਿਪੇਅਰ ਜਾਂ ਉਨ੍ਹਾਂ ਪਿੰਡਾਂ ਨਾਲ ਦੁਬਾਰਾ ਲਿੰਕ ਬਨਾਉਣ ਦੀ ਗੱਲ ਹੈ। ਅੱਜ ਕੱਲ੍ਹ ਤਾਂ ਇਹ ਹਾਲਾਤ ਬਣੇ ਪਏ ਹਨ, ਇੱਕ ਮੇਰਾ ਸਾਥੀ ਵੀ ਇੱਥੇ ਬੈਠਾ ਹੈ, ਇਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਕਿਸੇ ਪਿੰਡ ਨੂੰ ਜਾਣ ਵਾਸਤੇ 5-5, 10-10 ਕਿਲੋਮੀਟਰ ਘੁੰਮ ਕੇ ਆਉਣਾ ਪੈਂਦਾ ਹੈ, ਜਾਂ ਤਾਂ ਇਹ ਲਿੰਕ ਸੜਕਾਂ ਦੁਬਾਰਾ ਤਿਆਰ ਕਰਨ ਤੇ ਜਾਂ ਗਮਾਡਾ ਵਾਲੇ ਨਵਾਂ ਲਿੰਕ ਕਰ ਦੇਣ। ਮੈਂ ਡਿਪਟੀ ਸੀ.ਐਮ. ਸਾਹਿਬ ਤੋਂ ਐਸ਼ਿਓਰੈਂਸ ਚਾਹੁੰਦਾ ਹਾਂ।

Mr. Speaker : Thank you.

ਗਰਾਮ ਪੰਚਾਇਤ ਜ਼ਮੀਨ ਦੀ ਬੋਲੀ ਲਗਾਉਣਾ

***1825. ਸਰਦਾਰ ਸੁਖਜਿੰਦਰ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਬਲਾਕ ਕਲਾਨੌਰ ਵਿੱਚ ਜਿਊਜੁਲਾਈ ਦੀ ਗਰਾਮ ਪੰਚਾਇਤ ਦੀ ਕਾਸ਼ਤ ਅਧੀਨ ਖੇਤੀਬਾੜੀ ਯੋਗ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਇਸ ਪਿੰਡ ਦੀ ਕੁੱਲ ਅਬਾਦੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਜਿਹੀਆਂ ਜ਼ਮੀਨਾਂ ਦੀ ਬੋਲੀ ਕਿੰਨੇ ਸਮੇਂ ਲਈ ਲਗਾਈ ਜਾ ਸਕਦੀ ਹੈ ਅਤੇ ਕੀ ਇਹ ਬੋਲੀ ਗਰਾਮ ਪੰਚਾਇਤ ਦੁਆਰਾ ਲਗਾਈ ਜਾ ਸਕਦੀ ਹੈ ਅਤੇ ਕੀ ਗਰਾਮ ਪੰਚਾਇਤ ਦੇ ਪਰਿਵਾਰਕ ਮੈਂਬਰ ਬੋਲੀ ਵਿੱਚ ਹਿੱਸਾ ਲੈ ਸਕਦੇ ਹਨ;

(ੲ) ਪਿਛਲੀ ਵਾਰ ਉਪਰੋਕਤ ਜ਼ਮੀਨ ਦੀ ਬੋਲੀ ਤੋਂ ਉਪਰੋਕਤ ਗਰਾਮ ਪੰਚਾਇਤ ਦੁਆਰਾ ਪ੍ਰਾਪਤ ਕੀਤੀ ਰਕਮ ਦੇ ਪਲਾਟਵਾਰ ਵੇਰਵੇ ਕੀ ਹਨ ਅਤੇ ਬੋਲੀ ਵਿੱਚ ਜ਼ਮੀਨ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, (ੳ) ਬਲਾਕ ਕਲਾਨੌਰ ਦੇ ਪਿੰਡ ਜਿਊਜੁਲਾਈ ਦੀ ਕੁੱਲ ਅਬਾਦੀ 245 ਹੈ। ਗਰਾਮ ਪੰਚਾਇਤ ਦੀ ਕੁੱਲ ਜ਼ਮੀਨ 163 ਏਕੜ ਹੈ, ਜਿਸ ਵਿੱਚੋਂ 17 ਏਕੜ ਗੈਰ ਵਾਹੀਯੋਗ ਅਤੇ 146 ਏਕੜ ਵਾਹੀਯੋਗ ਹੈ।

(ਅ) ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ, 1961 ਦੀ ਧਾਰਾ 6.2 ਅਨੁਸਾਰ ਵਾਹੀਯੋਗ ਜ਼ਮੀਨਾਂ ਦੀ ਬੋਲੀ 3 ਸਾਲ ਲਈ ਅਤੇ ਬੰਜਰ/ਝਾੜੀਆਂ ਵਾਲੀ ਜ਼ਮੀਨਾਂ 7 ਸਾਲ ਲਈ ਠੇਕੇ ਤੇ ਦਿੱਤੀ ਜਾ ਸਕਦੀ ਹੈ। ਗਰਾਮ ਪੰਚਾਇਤ ਦੇ ਪਰਿਵਾਰਕ ਮੈਂਬਰ ਜ਼ਮੀਨ ਬੋਲੀ ਤੇ ਨਹੀਂ ਲੈ ਸਕਦੇ ਹਨ।

(ੲ) ਗਰਾਮ ਪੰਚਾਇਤ ਦੁਆਰਾ ਪ੍ਰਾਪਤ ਕੀਤੀ ਰਕਮ ਦੇ ਪਲਾਟਵਾਰ ਵੇਰਵੇ ਅਤੇ ਬੋਲੀ ਵਿੱਚ ਜ਼ਮੀਨ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੇ ਨਾਂ ਅਤੇ ਪਤੇ ਸਬੰਧੀ ਵੇਰਵਾ ਝੰਡੀ (ੳ) ਤੇ ਰੱਖਿਆ ਜਾਂਦਾ ਹੈ।

ਅਨੁਲਗ (ੳ)

ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਗੁਰਦਾਸਪੁਰ ਦੇ ਪੱਤਰ ਨੰਬਰ 425, ਮਿਤੀ 13-03-2015 ਰਾਹੀਂ ਹੇਠ ਲਿਖੇ ਅਨੁਸਾਰ ਰਿਪੋਰਟ ਪ੍ਰਾਪਤ ਹੋਈ ਹੈ।

ਲੜੀ ਨੰ.	ਪਟੇਦਾਰ ਦਾ ਨਾਂ	ਪਟੇਦਾਰ ਦਾ ਪਤਾ	ਰਕਬਾ(ੲ-ਕ-ਮ)	ਨਿਲਾਮੀ ਦੀ ਰਕਮ
1	ਸੁਖਜਿੰਦਰ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ	ਜਿਊਜੁਲਾਈ	2-5-17	22500
2	ਜਸਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ	ਜਿਊਜੁਲਾਈ	3-0-16	34500
3	ਪੈਂਡਿੰਗ		6-5-17	–
4	ਦਲੀਪ ਸਿੰਘ ਪੁੱਤਰ ਸ੍ਰੀ ਤੇਜਾ ਸਿੰਘ	ਜਿਊਜੁਲਾਈ	9-4-11	9500
5	ਜੋਗਿੰਦਰ ਸਿੰਘ ਪੁੱਤਰ ਪਿਆਰਾ ਸਿੰਘ	ਸ਼ਾਲੇ ਚੱਕ	1-3-12	11600

[ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

6	ਜੋਗਿੰਦਰਪਾਲ ਪੁੱਤਰ ਦੇਵਰਾਜ	ਜਿਊਲਾਈ	1-2-19	11500
7	ਅਮੀਰ ਸਿੰਘ ਪੁੱਤਰ ਚੰਨਣ ਸਿੰਘ	ਜਿਊਜੁਲਾਈ	7-4-0	38000
8	ਜੋਗਿੰਦਰਪਾਲ ਪੁੱਤਰ ਦੇਵਾਰਾਜ	ਜਿਊਜੁਲਾਈ	5-1-13	31000
9	ਜਸਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ	ਜਿਊਜੁਲਾਈ	4-5-6	17500
10	ਦਲਬੀਰ ਸਿੰਘ ਪੁੱਤਰ ਪਿਆਰਾ ਸਿਘ	ਜਿਊਜੁਲਾਈ	4-2-2	17000
11	ਸੁਬੇਗ ਸਿੰਘ ਪੁੱਤਰ ਅਮਰ ਸਿੰਘ	ਜਿਊਜੁਲਾਈ	4-7-17	42350
12	ਜਸਵੰਤ ਸਿੰਘ ਪੁੱਤਰ ਹਰਨਾਮ ਸਿੰਘ	ਜਿਊਜੁਲਾਈ	4-4-1	35000
13	ਬਲਵਿੰਦਰ ਸਿੰਘ ਪੁੱਤਰ ਬਚਨ ਸਿੰਘ	ਜਿਊਜੁਲਾਈ	2-4-0	27500
14	ਮਲਕੀਤ ਸਿੰਘ ਪੁੱਤਰ ਗਿਰਦਾਰਾ ਸਿੰਘ	ਜਿਊਜੁਲਾਈ	14-6-5	21500
15	ਕੁਲਵਿੰਦਰ ਸਿੰਘ ਪੁੱਤਰ ਬਹਾਦਰ ਸਿੰਘ	ਜਿਊਜੁਲਾਈ	5-7-10	27000
16	ਅਮੀਰ ਸਿੰਘ ਪੁੱਤਰ ਚੰਨਣ ਸਿੰਘ	ਜਿਊਜੁਲਾਈ	2-0-15	3850
17	ਸਵਰਨ ਸਿੰਘ ਪੁੱਤਰ ਹਰਨਾਮ ਸਿੰਘ	ਜਿਊਜੁਲਾਈ	6-1-19	11500
18	ਦਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ	ਜਿਊਜੁਲਾਈ	7-7-4	66000
19	ਬਲਦੇਵ ਸਿੰਘ ਪੁੱਤਰ ਹਰਦੀਪ ਸਿੰਘ	ਜਿਊਜੁਲਾਈ	7-4-7	66000

20	ਪੁਸ਼ਪਾ ਪਤਨੀ ਗੋਪਾਲ ਕਿਸ਼ਨ	ਕਲਾਨੌਰ	12-5-8	13500
21	ਹਰਜੀਤ ਸਿੰਘ ਪੁੱਤਰ ਗਿਰਦਾਰਾ ਸਿੰਘ	ਜਿਊਜੁਲਾਈ	11-5-16	40610
22	ਬਲਦੇਵ ਸਿੰਘ ਪੁੱਤਰ ਹਰਦੀਪ ਸਿੰਘ	ਜਿਊਜੁਲਾਈ	2-0-0	4200
23	ਦਲਬੀਰ ਸਿੰਘ ਪੁੱਤਰ ਮੇਲਾ ਸਿੰਘ	ਸ਼ਾਲੇ ਚੱਕ	9-0-0	36500
24	ਜੋਗਿੰਦਰਪਾਲ ਪੁੱਤਰ ਦੇਵਰਾਜ	ਜਿਊਜੁਲਾਈ	8-4-1	85910
	ਕੁਲ ਰਕਬਾ		**146 ਏਕੜ**	**617520**

ਨੋਟ:- ਪਲਾਟ ਨੰ.14, 21 ਅਤੇ 23 ਪੰਜ ਸਾਲ ਦੇ ਲਈ ਪਟੇ ਤੇ ਦਿੱਤੇ ਹੋਏ ਹਨ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਿੰਡ ਦੀ ਇਨ੍ਹਾਂ ਨੇ ਕਿਹਾ ਹੈ ਕਿ 163 ਏਕੜ ਜ਼ਮੀਨ ਹੈ, ਜਿਸ ਵਿੱਚੋਂ 17 ਏਕੜ ਗੈਰ ਵਾਹੀਯੋਗ ਜ਼ਮੀਨ ਹੈ। ਇਸ ਪਿੰਡ ਦੀ ਆਬਾਦੀ 245 ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਪਿੰਡ ਦੀ ਜ਼ਮੀਨ ਦੀ ਇੰਨਕੁਆਰੀ ਕਰਵਾਈ ਜਾਏਗੀ ਕਿ ਕਿੰਨ੍ਹਾਂ ਕਿੰਨ੍ਹਾਂ ਬੰਦਿਆਂ ਨੂੰ ਦਿੱਤੀ ਗਈ ਹੈ। ਕਈਆਂ ਪਰਿਵਾਰਾਂ ਦੇ ਮੈਂਬਰਾਂ ਦੇ ਨਾਮ ਮੈਂ ਤੁਹਾਨੂੰ ਪੜ੍ਹ ਕੇ ਦੱਸ ਦਿੰਦਾ ਹਾਂ।

ਮਾਨਯੋਗ ਸਪੀਕਰ : ਰੰਧਾਵਾ ਜੀ, ਲਿਸਟ ਤਾਂ ਨਾਲ ਆ ਗਈ ਹੈ ਜੀ।

ਸਰਦਾਰ ਸੁਖਜਿੰਦਰ ਸਿੰਘ : ਸਰ, ਲਿਸਟ ਵਿੱਚ ਕਈ ਪਰਿਵਾਰਾਂ ਦੇ ਮੈਂਬਰਾਂ ਦੇ ਨਾਮ ਆਏ ਹੀ ਨਹੀਂ ਹਨ। ਇਨ੍ਹਾਂ ਨੂੰ ਸੱਤ ਸਾਲ ਲਈ ਸਰਪੰਚ ਨੇ ਬੋਲੀ ਤੇ ਦਿੱਤੀ। ਸੱਤ ਸਾਲ ਲਈ ਦੇਣ ਤੋਂ ਪਹਿਲਾਂ ਸਰਦਾਰ ਦਲਬੀਰ ਸਿੰਘ ਪੁੱਤਰ ਮੇਲਾ ਰਾਮ ਦੇ ਨਾਮ ਤੇ ਉਦੋਂ ਜ਼ਮੀਨ ਕੀਤੀ। ਉਸ ਤੋਂ ਪਹਿਲਾਂ ਕਿਸੇ ਹੋਰ ਦੇ ਨਾਮ ਤੇ ਕੀਤੀ। ਪਿਛਲੇ 15 ਸਾਲਾਂ ਤੋਂ ਇਹ ਜ਼ਮੀਨ ਜਿਹੜੀ ਵਾਹੀਯੋਗ ਸੀ ਉਸ ਨੂੰ ਬੰਜਰ ਕਹਿ ਕੇ ਸੱਤ ਸਾਲ ਲਈ ਫਿਰ ਆਪਣੇ ਪਰਿਵਾਰ ਦੇ ਪੰਜਾਂ

[ਸਰਦਾਰ ਸੁਖਜਿੰਦਰ ਸਿੰਘ]

ਮੈਂਬਰਾਂ ਨੂੰ ਕੋਈ ਤਕਰੀਬਨ ਜਿਹੜੀ 19 ਕਿੱਲੇ ਬਣਦੀ ਹੈ, ਉਹ ਘੱਟ ਰੇਟ ਤੇ ਦਿੱਤੀ ਹੈ ਤੇ ਨਾਲ ਹੀ ਮੈਂ ਦੂਸਰੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਸ ਪਿੰਡ ਦੇ ਵਿੱਚ ਪੈਸਾ ਆਇਆ, ਜ਼ਮੀਨ ਬਹੁਤ ਘੱਟ ਰੇਟ ਤੇ ਗਈ ਹੈ। ਤੁਹਾਨੂੰ ਤਾਂ ਪਤਾ ਹੀ ਹੈ। ਸਾਡੇ ਜ਼ਿਲ੍ਹੇ ਦਾ ਤੁਸੀਂ ਤਾਂ ਫੈਸਲਾ ਕਰਵਾਇਆ, ਸਾਬਕਾ ਮੰਤਰੀ ਤੇ ਡੀ.ਡੀ.ਪੀ.ਓ ਦਾ, ਨਾਲ ਦੇ ਪਿੰਡ ਦਾ ਬਿਲਕੁਲ ਬੰਨੇ ਨਾਲ ਬੰਨਾ ਲਗਦਾ ਹੈ। ਉਥੇ ਜ਼ਮੀਨ 35000 ਰੁਪਏ ਨੂੰ ਗਈ, ਤੇ ਇਥੇ ਇਹ ਇੰਨੇ ਘੱਟ ਰੇਟ ਤੇ ਕਿਉਂ ਗਈ? ਪਿੰਡ ਤਾਂ ਨਾਲ ਨਾਲ ਹੀ ਹਨ। ਇੱਕ ਮੈਂ ਹੋਰ.....(ਵਿਘਨ)

ਮਾਨਯੋਗ ਸਪੀਕਰ : ਨਹੀਂ ਜੀ ਨਹੀਂ, ਸਪਲੀਮੈਂਟਰੀ ਤਾਂ ਇੱਕੋ ਹੀ ਕਰਨੀ ਹੈ। ਪਲੀਜ਼ ਲੈਕਚਰ ਨਹੀਂ ਕਰਨਾ ਹੈ। ਇੱਕ ਤੁਹਾਡੀ ਸਪਲੀਮੈਂਟਰੀ ਆ ਗਈ ਹੈ ਤੇ ਇੱਕ ਹੋਰ ਹੈ। ਦੂਜੀ ਸਪਲੀਮੈਂਟਰੀ ਵਿੱਚ ਪੁੱਛ ਲੈਣਾ।

ਮੰਤਰੀ : ਸਪੀਕਰ ਸਾਹਿਬ, ਸਾਰੀ ਲਿਸਟ ਤਾਂ ਮੈਂਬਰਾਂ ਦੀ ਨਾਲ ਨੱਥੀ ਹੈ ਪਰ ਫਿਰ ਵੀ ਕਿਉਂਕਿ ਕਾਨੂੰਨ ਦੇ ਮੁਤਾਬਿਕ ਕੋਈ ਵੀ ਜਿਹੜਾ ਪੰਚਾਇਤ ਦਾ ਮੈਂਬਰ ਹੈ ਉਸ ਦੇ ਘਰ ਦਾ ਬੰਦਾ ਬੋਲੀ ਨਹੀਂ ਦੇ ਸਕਦਾ। ਜੇ ਕਿਸੇ ਨੇ ਬੋਲੀ ਦਿੱਤੀ ਹੈ ਤਾਂ ਪੰਚਾਇਤ ਮੈਂਬਰ ਦੇ ਖਿਲਾਫ ਵੀ ਕਾਰਵਾਈ ਹੋਏਗੀ। ਬੋਲੀ ਦੇ ਉੱਤੇ ਵੀ ਹੋਏਗੀ। ਸੋ ਮੈਂਬਰ ਸਾਹਿਬ ਨੂੰ ਸਾਡੀ ਬੇਨਤੀ ਹੈ ਕਿ ਉਹ ਲਿਖ ਕੇ ਦੇ ਦੇਣ ਜੇ ਉਨ੍ਹਾਂ ਦੀ ਨਜ਼ਰ ਵਿੱਚ ਐਸਾ ਕੋਈ ਕੇਸ ਹੈ। ਅਸੀਂ ਪੂਰੀ ਪੜਤਾਲ ਕਰਵਾਂਵਾਗੇ। ਜਿਥੋਂ ਤੱਕ ਘੱਟ ਬੋਲੀ ਦੀ ਇਨ੍ਹਾਂ ਦੀ ਸ਼ਿਕਾਇਤ ਹੈ, ਇੱਕ ਫੈਸਲਾ ਹੈ, ਜਿਸ ਵਿੱਚ ਲਿਖਿਆ ਹੈ ਕਿ ਜੇ ਕਿਸੇ ਨੇ ਰਲ ਕੇ ਬੋਲੀ ਦਿੱਤੀ ਹੈ ਤਾਂ 25% ਕੋਈ ਹੋਰ ਬੰਦਾ ਵਧਾ ਕੇ ਬੋਲ ਸਕਦਾ ਹੈ ਤੇ ਬੋਲੀ ਰੱਦ ਕਰਕੇ ਉਸ ਨੂੰ ਦਿੱਤੀ ਜਾ ਸਕਦੀ ਹੈ। ਅੱਗੇ ਲਈ ਅਸੀਂ ਵੀਡੀਓਗ੍ਰਾਫੀ ਕਰਵਾ ਰਹੇ ਹਾਂ ਤਾਂ ਕਿ ਇਸ ਤਰ੍ਹਾਂ ਦਾ ਕੋਈ ਕੇਸ ਨਾ ਆਵੇ, ਫਿਰ ਵੀ ਮੈਂ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਨੂੰ ਸ਼ੱਕ ਹੈ ਕਿ ਬੋਲੀ ਰਲ ਮਿਲ ਕੇ ਸਸਤੀ ਦਿੱਤੀ ਗਈ ਹੈ ਤਾਂ ਦੂਜਾ ਬੰਦਾ ਜਿਹੜਾ ਕੋਈ ਹੋਰ ਬੰਦਾ ਬੋਲੀ ਦੇਣ ਦਾ ਚਾਹਵਾਨ ਹੈ ਉਹ 25% ਵਧਾ ਕੇ ਲੈਣ ਨੂੰ ਤਿਆਰ ਹੈ ਤਾਂ ਉਸ ਜ਼ਮੀਨ ਦੀ ਬੋਲੀ ਉਸ ਨੂੰ ਦਿੱਤੀ ਜਾ ਸਕਦੀ ਹੈ ਅਤੇ ਪਹਿਲਾਂ ਵਾਲੀ ਬੋਲੀ ਰੱਦ ਕਰ ਦਿੱਤੀ ਜਾਵੇਗੀ। ਕਿਉਂਕਿ ਇਹ ਪਿਛਲੇ ਸਾਲ ਦੀ ਗੱਲ ਹੈ ਪਰ ਫਿਰ ਵੀ ਜੇ ਤੁਹਾਡੀ ਜਾਣਕਾਰੀ ਵਿੱਚ ਕੋਈ ਗੱਲ ਹੈ ਤਾਂ ਅਸੀਂ ਜ਼ਰੂਰ ਪੜਤਾਲ ਕਰਵਾ ਲਵਾਂਗੇ। ਮੈਂਬਰਾਂ ਵਾਲੀ ਗੱਲ ਤਾਂ ਬਿਲਕੁਲ ਸਖਤੀ ਨਾਲ ਲਾਗੂ ਹੈ। ਤੁਸੀਂ ਲਿਖ ਕੇ ਦੇ ਦਿਉ, ਅਸੀਂ ਪੂਰੀ

ਪੜਤਾਲ ਕਰਵਾ ਲਵਾਂਗੇ।

ਸਰਦਾਰ ਸੁਖਜਿੰਦਰ ਸਿੰਘ : ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਦੂਜੀ ਗੱਲ ਜਿਹੜੀ ਤੁਸੀਂ ਕਹੀ ਹੈ ਕਿ 25% ਤੱਕ ਜਮ੍ਹਾਂ ਕਰਵਾ ਸਕਦੇ ਹੋ। ਸਪੀਕਰ ਸਾਹਿਬ, ਮਲੂਕਾ ਸਾਹਿਬ ਨੂੰ ਵੀ ਪਤਾ ਹੀ ਹੈ ਕਿ ਅੱਜ ਤੋਂ ਚਾਰ-ਪੰਜ ਸਾਲ ਪਹਿਲਾਂ ਡੀ.ਡੀ.ਪੀ.ਓ. ਦੀਆਂ ਲੱਤਾਂ ਤੋੜੀਆਂ ਗਈਆਂ। ਹੁਣ ਵਾਲੇ ਡੀ.ਡੀ.ਪੀ.ਓ. ਦਾ ਵੀ ਤੁਸੀਂ ਦੇਖਿਆ ਹੀ ਹੈ ਕਿ ਕੀ ਹਾਲ ਹੋ ਗਿਆ ਹੈ। ਹੁਣ ਕਿਸ ਬੰਦੇ ਦੀ ਜੁਰਅਤ ਹੈ ਕਿ ਉਥੇ ਜਾ ਕੇ 25% ਜਮ੍ਹਾਂ ਕਰਵਾ ਦੇਵੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਨਕੁਆਰੀ ਕਰਵਾਉਗੇ ਕਿ ਜੇ ਨਾਲ ਦੇ ਬੰਨੇ ਦੇ ਪਿੰਡ ਵਿੱਚ ਜ਼ਮੀਨ 40,000 ਰੁਪਏ ਨੂੰ ਏਕੜ ਬੋਲੀ ਹੁੰਦੀ ਹੈ ਤਾਂ ਇੱਥੇ 7000 ਰੁਪਏ ਏਕੜ ਦੀ ਬੋਲੀ ਕਿਉਂ ਹੋਈ ਹੈ? ਮੈਂ ਤੁਹਾਡੇ ਤੋਂ ਇੰਨੀ ਕੁ ਇਨਸਾਫ ਦੀ ਮੰਗ ਕਰਦਾ ਹਾਂ।

ਮਾਨਯੋਗ ਸਪੀਕਰ : ਧੰਨਵਾਦ ਜੀ। ਮਲੂਕਾ ਸਾਹਿਬ, ਕੀ ਤੁਸੀਂ ਇਨਕੁਆਰੀ ਕਰਵਾਉਗੇ?

ਮੰਤਰੀ : ਮੈਂ ਪਹਿਲਾਂ ਵੀ ਕਿਹਾ ਹੈ ਕਿ ਜੇ ਤੁਹਾਨੂੰ ਕਿਤੇ ਵੀ ਸ਼ੱਕ ਹੈ ਕਿ ਪੈਸੇ ਦੀ ਦੁਰਵਰਤੋਂ ਹੋਈ ਹੈ ਪਿੰਡ ਦੇ ਕੋਈ ਦੋ ਬੰਦੇ ਲਿਖ ਕੇ ਦੇ ਦੇਣ, ਅਸੀਂ ਪੂਰੀ ਪੜਤਾਲ ਕਰਵਾ ਲਵਾਂਗੇ। ਜਿੱਥੋਂ ਤੱਕ ਬੋਲੀ ਦੇਣ ਦੀ ਗੱਲ ਹੈ, ਅਸੀਂ ਤਾਂ ਕਿਸੇ ਨੂੰ ਨਹੀਂ ਕਹਿ ਸਕਦੇ ਤੁਸੀਂ ਬੋਲੀ ਵੱਧ ਦੇਵੋ। ਬੋਲੀ ਤਾਂ ਪਿੰਡ ਦੇ ਲੋਕਾਂ ਨੇ ਹੀ ਦੇਣੀ ਹੁੰਦੀ ਹੈ। ਤੁਸੀਂ ਵੀ ਕੋਈ ਕਮਜ਼ੋਰ ਐਮ.ਐਲ.ਏ. ਤਾਂ ਹੋ ਨਹੀਂ, ਕਿ ਤੁਸੀਂ ਕਹੋ ਕਿ ਦੂਜਾ ਤਕੜਾ ਹੈ ਅਤੇ ਤੁਸੀਂ ਕਮਜ਼ੋਰ ਹੋ। ਇਹ ਤਾਂ ਮੈਂ ਮੰਨ ਨਹੀਂ ਸਕਦਾ। ਸੋ, ਜਿੱਥੇ ਕਿਤੇ ਵੀ ਸ਼ੱਕ ਹੈ ਕਿ ਬੋਲੀ ਸਸਤੀ ਹੁੰਦੀ ਹੈ ਤਾਂ ਤੁਸੀਂ ਆਪ ਬੋਲੀ ਦੁਆ ਦਿਉ ਅਤੇ ਅਸੀਂ ਪੁਰਾਣੀ ਬੋਲੀ ਰੱਦ ਕਰਕੇ ਦੁਬਾਰਾ ਕਰਵਾ ਲਵਾਂਗੇ। ...(ਵਿਘਨ) (ਸ਼ੋਰ)... ਕਲਾਨੌਰ ਵਿੱਚ ਵੀ ਤਾਂ ਤੁਹਾਡੇ ਸਾਹਮਣੇ ਹੋਇਆ ਹੀ ਹੈ।

ਸਰਦਾਰ ਸੁਖਜਿੰਦਰ ਸਿੰਘ : ਉਥੇ ਹੀ ਤਾਂ ਪੰਗਾ ਪੈ ਗਿਆ ਹੈ।

ਮਾਨਯੋਗ ਸਪੀਕਰ : ਆਪਸ ਵਿੱਚ ਬਹਿਸ ਨਾ ਕਰੋ। (ਸ਼ੋਰ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ)

ਮਾਨਯੋਗ ਸਪੀਕਰ : ਲਾਲ ਸਿੰਘ ਜੀ ਤੁਸੀਂ ਹੋਰ ਪਾਸੇ ਹੋ ਅਤੇ ਇਹ ਹੋਰ ਪਾਸੇ ਹਨ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਕੀ ਮੈਨੂੰ ਇਜਾਜ਼ਤ ਹੈ? ...(ਸ਼ੋਰ)...

ਮਾਨਯੋਗ ਸਪੀਕਰ : ਹਾਂ ਜੀ, ਦੱਸੋ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਹਲਕੇ ਦੇ ਐਮ.ਐਲ.ਏ. ਸਾਹਿਬ ਨੇ ਇੱਕ ਸ਼ਿਕਾਇਤ ਮੰਤਰੀ ਸਾਹਿਬ ਅੱਗੇ ਰੱਖੀ ਹੈ, ਇਸ ਤੇ ਇਨ੍ਹਾਂ ਨੂੰ ਭਰੋਸਾ ਨਹੀਂ ਹੈ। ਇਹ ਕਹਿੰਦੇ ਹਨ ਕਿ ਪਿੰਡ ਵਾਲਾ ਕੋਈ ਲਿਖ ਕੇ ਦੇਵੇ ਤਾਂ ਇਨਕੁਆਰੀ ਕਰਾਵਾਂਗੇ। ਮੈਂ ਹੈਰਾਨ ਹਾਂ ਇਸ ਗੱਲ ਤੋਂ ਕਿ ਉਨ੍ਹਾਂ ਦੀ ਕੋਈ ਅਹਿਮੀਅਤ ਨਹੀਂ, ਕੋਈ ਵੈਲਿਊ ਨਹੀਂ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਇਹ ਸਪਲੀਮੈਂਟਰੀ ਨਹੀਂ ਹੈ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਜਿਹੜਾ ਐਮ.ਐਲ.ਏ. ਵਿਧਾਨ ਸਭਾ ਵਿੱਚ ਤੁਹਾਡੇ ਸਾਹਮਣੇ ਸ਼ਿਕਾਇਤ ਕਰ ਰਿਹਾ ਹੈ ਉਸ ਦੇ ਅਧਾਰ ਤੇ ਤਾਂ ਤੁਸੀਂ ਇਨਕੁਆਰੀ ਨਹੀਂ ਕਰਵਾ ਸਕਦੇ, ਪਿੰਡ ਦੇ ਬੰਦੇ ਲਿਖ ਕੇ ਦੇਣ ਤੇ ਕੀ ਕਰੋਗੇ?

ਮਾਨਯੋਗ ਸਪੀਕਰ : ਨਹੀਂ, ਨਹੀਂ ਲਾਲ ਸਿੰਘ ਜੀ।

ਸਰਦਾਰ ਲਾਲ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਚਾਇਤ ਨੂੰ ਵੱਧ ਤੋਂ ਵੱਧ ਕਿੰਨੇ ਸਾਲ ਲਈ ਜ਼ਮੀਨ ਲੀਜ਼ ਤੇ ਦੇਣ ਦਾ ਅਧਿਕਾਰ ਹੈ?

ਮਾਨਯੋਗ ਸਪੀਕਰ : ਉਹ ਜਵਾਬ ਤਾਂ ਆ ਗਿਆ ਹੈ ਜੀ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸਾਥੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਵਾਹੀਯੋਗ ਜ਼ਮੀਨ ਨੂੰ ਵੱਧ ਤੋਂ ਵੱਧ ਤਿੰਨ ਸਾਲ ਲਈ ਠੇਕੇ ਤੇ ਦਿੱਤਾ ਜਾਂਦਾ ਹੈ, ਗੈਰ ਵਾਹੀਯੋਗ ਜਗ੍ਹਾ ਨੂੰ 7 ਸਾਲ ਵਾਸਤੇ ਅਤੇ ਜੇਕਰ ਕਿਸੇ ਨੇ ਕੋਈ ਸੰਸਥਾ, ਸਕੂਲ, ਹਸਪਤਾਲ ਜਾਂ ਬਿਰਧ ਆਸ਼ਰਮ ਵਗੈਰਾ ਬਣਾਉਣਾ ਹੈ ਤਾਂ ਉਹ 33 ਸਾਲ ਵਾਸਤੇ ਦਿੱਤੀ ਜਾ ਸਕਦੀ ਹੈ। ਜਿੱਥੋਂ ਤੱਕ ਪੜਤਾਲ ਕਰਵਾਉਣ ਦੀ ਗੱਲ ਹੈ ਤਾਂ ਇਹ ਨਹੀਂ ਕਿ ਮੈਂ ਨਹੀਂ ਕਰਵਾ ਸਕਦਾ। ਪਰ ਕਈ ਕਾਨੂੰਨੀ ਗੱਲਾਂ ਹੁੰਦੀਆਂ ਹਨ ਜਿਹੜੀਆਂ ਬੜੀ ਦੂਰ ਤੱਕ ਜਾਂਦੀਆਂ ਹਨ। ਜੇ ਸ਼ਿਕਾਇਤ ਹੋਵੇ ਤਾਂ ਥੋੜੀ ਅਸਾਨੀ ਹੋ ਜਾਂਦੀ ਹੈ।

ਸਰਦਾਰ ਲਾਲ ਸਿੰਘ (ਬੈਠੇ-ਬੈਠੇ) : ਹੁਣ ਤਾਂ ਰਿਕਾਰਡਿਡ ਸ਼ਿਕਾਇਤ ਹੋ ਗਈ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ (ਬੈਠੇ-ਬੈਠੇ) : 40000 ਅਤੇ 7000 ਦਾ ਬਹੁਤ ਵੱਡਾ ਫਰਕ ਹੁੰਦਾ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਹੈ ਨਹੀਂ ਕਿ ਉਥੇ ਇਨ੍ਹਾਂ ਦੇ ਬੰਦੇ ਨਹੀਂ ਹਨ। ਨਾ ਹੀ ਇਹ ਅਜਿਹੇ ਐਮ.ਐਲ.ਏ. ਹਨ ਜਿਹੜੇ ਡਰਦੇ ਹੋਣ। ...(ਵਿਘਨ) (ਸ਼ੋਰ)...

ਮਾਨਯੋਗ ਸਪੀਕਰ : ਬੱਸ ਜੀ। ਪ੍ਰੇਮ ਮਿੱਤਲ ਜੀ। ...(ਸ਼ੋਰ)...

ਮੰਤਰੀ : ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ। ..(ਸ਼ੋਰ)..

ਸਰਦਾਰ ਸੁਖਜਿੰਦਰ ਸਿੰਘ : ਕੀ ਤੁਸੀਂ ਇਨਕੁਆਰੀ ਕਰਵਾਉਣ ਲਈ ਤਿਆਰ ਹੋ?

ਮੰਤਰੀ : ਹਾਂ ਜੀ, ਮੈਂ ਤਿਆਰ ਹਾਂ।

ਮਾਨਯੋਗ ਸਪੀਕਰ : ਉਹ ਤਾਂ ਕਹਿ ਚੁੱਕੇ ਹਨ ਕਿ ਤਿਆਰ ਹਨ। ...(ਵਿਘਨ) (ਸ਼ੋਰ)...

ਸ਼੍ਰੀਮਤੀ ਰਜਿੰਦਰ ਕੌਰ ਭੱਠਲ : ** ** ** ** **..(ਵਿਘਨ) (ਸ਼ੋਰ)...

ਮਾਨਯੋਗ ਸਪੀਕਰ : ਬੀਬੀ ਜੀ, ਇਹ ਗੱਲ ਨਹੀਂ ਬਣਦੀ, not to be recorded.

ਪੀਣ ਵਾਲੇ ਪਾਣੀ ਦੀ ਘਾਟ ਨੂੰ ਪੂਰਾ ਕਰਨਾ

***1768. ਸ੍ਰੀ ਪ੍ਰੇਮ ਮਿੱਤਲ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਨਸਾ ਸ਼ਹਿਰ ਦੀ ਅਬਾਦੀ ਵਧਣ ਕਾਰਨ ਪੀਣ ਵਾਲੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਇਥੇ ਇਕ ਹੋਰ ਵਾਟਰ ਵਰਕਸ ਦੀ ਉਸਾਰੀ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਚੇਅਰ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।

ਸ਼੍ਰੀ ਅਨਿਲ ਜੋਸ਼ੀ : ਮਾਨਸਾ ਕਸਬੇ ਵਿਖੇ ਪੀਣ ਵਾਲੇ ਪਾਣੀ ਦੀ ਕੋਈ ਘਾਟ ਨਹੀਂ ਹੈ। ਇਥੇ ਪੀਣ ਵਾਲੇ ਪਾਣੀ ਦੀ ਸਪਲਾਈ ਨਹਿਰੀ ਪਾਣੀ ਰਾਹੀਂ ਦਿੱਤੀ ਜਾਂਦੀ ਹੈ, ਜਿਸ ਨੂੰ ਟਰੀਟ ਕਰਨ ਲਈ ਢਾਈ ਮਿਲੀਅਨ ਗੈਲਨ ਪ੍ਰਤੀ ਦਿਨ ਅਤੇ ਦੋ ਮਿਲੀਅਨ ਗੈਲਨ ਪ੍ਰਤੀ ਦਿਨ ਸਮਰੱਥਾ ਦੇ ਦੋ ਵਾਟਰ ਟਰੀਟਮੈਂਟ ਪਲਾਂਟ ਚਾਲੂ ਹਨ। ਇਹ ਪਲਾਂਟ ਇਸ ਕਸਬੇ ਦੀ ਅਬਾਦੀ ਲਈ ਕਾਫੀ ਹਨ। ਇਸ ਲਈ ਇਥੇ ਹੋਰ ਵਾਟਰ ਵਰਕਸ ਬਣਾਉਣ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਮਾਨਸਾ ਸ਼ਹਿਰ ਵਿਚ ਸਾਲ 1958 ਵਿਚ ਵਾਟਰ-ਵਰਕਸ ਬਣਾਇਆ ਗਿਆ ਸੀ। ਉਸ ਵੇਲੇ ਮਾਨਸਾ ਦੀ ਅਬਾਦੀ ਤਕਰੀਬਨ 15 ਹਜ਼ਾਰ ਸੀ। ਅੱਜ ਮਾਨਸਾ ਸ਼ਹਿਰ ਇਨਾ ਵੱਡਾ ਹੋ ਗਿਆ ਹੈ ਕਿ ਇਸ ਦੀਆਂ 66000 ਵੋਟਾਂ ਹਨ ਅਤੇ ਅਬਾਦੀ ਇਕ ਲੱਖ ਤੋਂ ਵੀ ਉਪਰ ਪਹੁੰਚ ਗਈ ਹੈ। ਜਦੋਂ ਇਹ ਵਾਟਰ ਵਰਕਸ ਬਣਿਆ ਸੀ ਉਸ ਵਕਤ ਮਾਨਸਾ ਸ਼ਹਿਰ ਉਸੇ ਸਾਈਡ ਵੱਲ ਵੱਸਿਆ ਹੋਇਆ ਸੀ। ਹੁਣ ਮਾਨਸਾ ਦਾ ਇਤਨਾ ਫੈਲਾਅ ਹੋ ਗਿਆ ਹੈ ਕਿ ਇਹ ਮਾਨਸਾ ਕੈਂਚੀਆਂ ਤੱਕ ਆ ਗਿਆ ਹੈ। ਹੁਣ ਲੋਕਾਂ ਨੂੰ ਪਾਣੀ ਦੀ ਸਪਲਾਈ ਸਹੀ ਤਰੀਕੇ ਨਾਲ ਨਹੀਂ ਪਹੁੰਚਦੀ। ਇਹ ਠੀਕ ਹੈ ਕਿ ਇਨ੍ਹਾਂ ਕੋਲ ਕਪੈਸਟੀ ਹੈ ਪ੍ਰੰਤੂ ਪਾਣੀ ਨਹੀਂ ਪਹੁੰਚਦਾ ਅਤੇ 5-5 ਤੇ 6-6 ਕਿਲੋਮੀਟਰ ਤੱਕ ਲਾਈਨਾਂ ਪਈਆਂ ਹੋਈਆਂ ਹਨ। ਸਾਡੀ ਇਹ ਇੱਛਾ ਹੈ ਕਿ ਸਰਕਾਰ ਮਾਨਸਾ ਵਿਚ....

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਸ਼੍ਰੀ ਪ੍ਰੇਮ ਮਿੱਤਲ : ਸਰਕਾਰ ਮਾਨਸਾ ਵਿਚ ਇਕ ਹੋਰ ਵਾਟਰ ਵਰਕਸ ਬਣਾਵੇ ਤਾਂ ਜੋ ਮਾਨਸਾ ਦੀਆਂ ਦੋਨਾਂ ਸਾਈਡਾਂ ਤੇ ਪਾਣੀ ਪਹੁੰਚੇ। ਇਕ ਪੁਰਾਣਾ ਪਾਸਾ ਜਿਥੇ ਸ਼ਹਿਰ ਵੱਸਿਆ ਹੋਇਆ ਹੈ। ਦੂਜਾ ਦੂਸਰੀ ਸਾਈਡ ਜਿਥੇ ਹੁਣ ਸ਼ਹਿਰ ਵਧ ਰਿਹਾ ਹੈ।

ਮਾਨਯੋਗ ਸਪੀਕਰ : ਮਿੱਤਲ ਜੀ, ਤੁਸੀਂ ਸਪਲੀਮੈਂਟਰੀ ਕਰੋ।

ਸ਼੍ਰੀ ਪ੍ਰੇਮ ਮਿੱਤਲ : ਜਿਥੇ 17 ਵਾਰਡ ਇਕ ਪਾਸੇ ਵੱਲ ਆ ਗਏ ਹਨ ਅਤੇ 11 ਵਾਰਡ ਦੂਜੇ ਪਾਸੇ ਹਨ। ਮੰਤਰੀ ਸਾਹਿਬ ਵਾਟਰ ਵਰਕਸ ਦਾ ਇੰਤਜ਼ਾਮ ਕਰਨ।

ਮਾਨਯੋਗ ਸਪੀਕਰ : ਨਹੀਂ ਜੀ, ਇਹ ਕੋਈ ਸਪਲੀਮੈਂਟਰੀ ਨਹੀਂ

ਬਣੀ। ਤੁਸੀਂ ਕੋਈ ਸਪਲੀਮੈਂਟਰੀ ਤਾਂ ਕੀਤੀ ਹੀ ਨਹੀਂ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵਾਟਰ ਵਰਕਸ ਜ਼ਰੂਰ ਬਣਨਾ ਚਾਹੀਦਾ ਹੈ। ਇਥੇ ਹੀ ਨਹੀਂ ਬਲਕਿ ਜਿਥੇ ਕਿਤੇ ਵੀ ਜ਼ਰੂਰਤ ਹੈ ਕਿਉਂਜੋ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੈ। ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਨਹਿਰਾਂ ਵਿਚ ਪਾਣੀ ਅੱਜ ਵੀ ਨਹੀਂ ਛੱਡਿਆ ਗਿਆ। ਵਾਟਰ ਵਰਕਸ ਵਿਚ ਪਾਣੀ ਹੀ ਨਹੀਂ ਹੈ। ਨਹਿਰਾਂ ਬੰਦ ਪਈਆਂ ਹਨ..... * * * *

ਮਾਨਯੋਗ ਸਪੀਕਰ : ਮੋਫਰ ਜੀ, ਨਹੀਂ।ਮੋਫਰ ਜੀ ਇਹ ਰੈਪੀਟੀਸ਼ਨ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ** ***

ਮਾਨਯੋਗ ਸਪੀਕਰ : ਮੋਫਰ ਜੀ, ਪੁੱਛ ਕੇ ਬੋਲੋ। How can you speak without permission? Nothing is to be recorded

ਸ਼੍ਰੀ ਪ੍ਰੇਮ ਮਿੱਤਲ : ਸਪਲੀਮੈਂਟਰੀ ਸਰ।

ਮਾਨਯੋਗ ਸਪੀਕਰ : ਹੁਣ ਟਾਈਮ ਲੰਘ ਗਿਆ ਹੈ ਮਿੱਤਲ ਜੀ। ਪਹਿਲਾਂ ਤੁਸੀਂ ਕੋਈ ਸਪਲੀਮੈਂਟਰੀ ਪੁੱਛੀ ਨਹੀਂ, ਲੈਕਚਰ ਕਰ ਦਿੱਤਾ ਹੈ।

ਸ਼੍ਰੀ ਪ੍ਰੇਮ ਮਿੱਤਲ : ਇਸੇ ਨਾਲ ਸਬੰਧਤ ਹੈ ਜੀ।

ਮਾਨਯੋਗ ਸਪੀਕਰ : ਪਹਿਲਾਂ ਤਿਆਰੀ ਕਰਕੇ ਆਇਆ ਕਰੋ। ਹਾਂ ਜੀ, ਅਗਲਾ ਪ੍ਰਸ਼ਨ ਰਾਣਾ ਗੁਰਜੀਤ ਸਿੰਘ ਜੀ।

ਹਲਕਾ ਕਪੂਰਥਲਾ ਵਿਚ ਪੀਣਯੋਗ ਪਾਣੀ ਦੀ ਸਪਲਾਈ ਕਰਨਾ

***1790. ਰਾਣਾ ਗੁਰਜੀਤ ਸਿੰਘ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਕਪੂਰਥਲਾ ਵਿਚ ਪੀਣ ਯੋਗ ਪਾਣੀ ਦੀ ਸਪਲਾਈ ਤੋਂ ਵਾਂਝੇ ਰਹਿ ਗਏ ਪਿੰਡਾਂ ਦੀ ਗਿਣਤੀ ਅਤੇ ਨਾਮ ਕੀ-ਕੀ ਹਨ;

**ਚੇਅਰ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।

[ਰਾਣਾ ਗੁਰਜੀਤ ਸਿੰਘ]

(ਅ) ਉਪ੍ਰੋਕਤ ਵਰਣਿਤ ਪਿੰਡਾਂ ਨੂੰ ਪੀਣ ਯੋਗ ਪਾਣੀ ਕਦੋਂ ਤੱਕ ਸਪਲਾਈ ਕੀਤਾ ਜਾਵੇਗਾ?

ਸਰਦਾਰ ਸੁਰਜੀਤ ਸਿੰਘ ਰੱਖੜਾ : (ੳ) ਅਸੈਂਬਲੀ ਹਲਕਾ ਕਪੂਰਥਲਾ ਦੇ ਚਾਰ ਪਿੰਡ ਭਾਵ ਧਾਲੀਵਾਲ ਦੋਨਾ, ਅਲੋਦੀ, ਬੂਹਈ ਅਤੇ ਸੀਨਪੁਰ ਪੀਣ ਵਾਲੇ ਪਾਣੀ ਤੋਂ ਵਾਂਝੇ ਹਨ।

(ਅ) ਉਪ੍ਰੋਕਤ ਪਿੰਡਾਂ ਵਿਚੋਂ ਧਾਲੀਵਾਲ ਦੋਨਾ ਅਤੇ ਅਲੋਦੀ ਪਿੰਡਾਂ ਨੂੰ ਪੀਣ ਯੋਗ ਪਾਣੀ ਦੀ ਸਪਲਾਈ ਮਿਤੀ 31.03.2015 ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ। ਪਿੰਡ ਬੂਹਾਈ ਨੂੰ ਮਿਤੀ 30.04.15 ਅਤੇ ਪਿੰਡ ਸੀਨਪੁਰ ਨੂੰ ਮਿਤੀ 30.6.2015 ਤੱਕ ਪੀਣ ਯੋਗ ਪਾਣੀ ਦੀ ਸਪਲਾਈ ਮੁਹੱਈਆ ਕਰਵਾ ਦਿੱਤੀ ਜਾਵੇਗੀ।

ਮਾਨਯੋਗ ਸਪੀਕਰ : ਰਾਣਾ ਜੀ, ਤੁਹਾਨੂੰ ਤਾਂ ਧੰਨਵਾਦ ਕਰਨਾ ਚਾਹੀਦਾ ਹੈ, ਉਨ੍ਹਾਂ ਨੇ ਡੇਟਾਂ ਦੇ ਦਿੱਤੀਆਂ ਹਨ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, justice delayed is justice denied. ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ। ਕੀ ਪਿੰਡ ਸੀਨਪੁਰ ਵਿਚ ਕੰਮ ਚਾਲੂ ਕਰ ਦਿੱਤਾ ਹੈ? ਕਦੋਂ ਇਸ ਦਾ ਕੰਮ ਐਲੋਕੇਟ ਕੀਤਾ ਸੀ ? ਕੰਮ ਚਾਲੂ ਕਿਉਂ ਨਹੀਂ ਹੋਇਆ। ਉਸ ਦੇ ਬਾਰੇ ਮੈਂ ਹੀ ਚਾਨਣ ਪਾ ਦਿੰਦਾ ਹਾਂ। .....

ਮਾਨਯੋਗ ਸਪੀਕਰ : ਤੁਸੀਂ ਚਾਨਣ ਨਹੀਂ ਪਾਉਣਾ ਬਲਕਿ ਸਪਲੀਮੈਂਟਰੀ ਪੁੱਛਣੀ ਹੈ। ਤੁਸੀਂ ਚਾਨਣ ਨਹੀਂ ਪਾਉਣਾ ਬਲਕਿ ਉਨ੍ਹਾਂ ਕੋਲੋਂ ਚਾਨਣ ਲੈਣਾ ਹੈ, ਉਨ੍ਹਾਂ ਕੋਲੋਂ ਇਨਫਰਮੇਸ਼ਨ ਲੈਣੀ ਹੈ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਚਲੋ, ਮੈਂ ਤੁਹਾਡੇ ਰਾਹੀਂ ਸਵਾਲ ਪੁੱਛਦਾ ਹਾਂ ਕਿ ਕੀ ਸੀਨਪੁਰ ਵਿਚ ਜ਼ਮੀਨ ਲੈ ਲਈ ਗਈ ਹੈ? ਦੂਸਰੀ ਗੱਲ.....

ਮਾਨਯੋਗ ਸਪੀਕਰ : ਇਕ ਸਮੇਂ ਇਕ ਹੀ ਸਪਲੀਮੈਂਟਰੀ ਪੁੱਛਣੀ ਹੈ। ਤੁਸੀਂ ਦੂਸਰਾ ਚਾਂਸ ਲੈ ਲੈਣਾ। ਹਾਂ ਜੀ, ਮੰਤਰੀ ਜੀ।

ਮੰਤਰੀ : ਸਪੀਕਰ ਸਾਹਿਬ, ਪਿੰਡ ਸੀਨਪੁਰ ਦੀ ਸਕੀਮ ਦਾ ਕੰਮ ਮਿਤੀ

3.10.14 ਨੂੰ ਅਲਾਟ ਕੀਤਾ ਗ੍ਰਿਆ ਸੀ। ਪਿੰਡ ਸੀਨਪੁਰ ਦੀ ਪੰਚਾਇਤ ਵੱਲੋਂ ਜੋ ਮਤੇ ਵਿਚ ਵਾਟਰ ਵਰਕਸ ਲਈ ਜ਼ਮੀਨ ਦਿੱਤੀ ਗਈ ਸੀ, ਉਸ ਜ਼ਮੀਨ ਉਤੇ ਪਿੰਡ ਵਾਸੀਆਂ ਵੱਲੋਂ ਇਤਰਾਜ਼ ਕਰਕੇ ਟਿਊਬਵੈਲ ਨਹੀਂ ਲਗਾਉਣ ਦਿੱਤਾ ਗਿਆ ਜਿਸ ਕਾਰਨ ਇਹ ਕੰਮ ਸ਼ੁਰੂ ਨਹੀਂ ਹੋ ਸਕਿਆ। ਜ਼ਮੀਨ ਦੀ ਮਲਕੀਅਤ ਚੈਕ ਕਰਨ ਉਤੇ ਪਾਇਆ ਗਿਆ ਕਿ ਇਹ ਜ਼ਮੀਨ ਕੇਂਦਰ ਸਰਕਾਰ ਦੀ ਹੈ। ਗ੍ਰਾਮ ਪੰਚਾਇਤ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਮਤੇ ਵਿਚ ਲਿਖਿਆ ਗਿਆ ਹੈ ਕਿ ਇਸ ਜਗ੍ਹਾ ਤੋਂ ਇਲਾਵਾ ਕੋਈ ਹੋਰ ਜਗ੍ਹਾ ਵਾਟਰ-ਵਰਕਸ ਲਈ ਉਪਲਬਧ ਨਹੀਂ ਹੈ। ਗ੍ਰਾਮ ਪੰਚਾਇਤ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਇਹ ਵੀ ਸੁਝਾਓ ਦਿੱਤਾ ਗਿਆ ਹੈ ਕਿ ਪਿੰਡ ਦੀ ਸ਼ਮਸ਼ਾਨ ਘਾਟ ਦੀ ਜਗ੍ਹਾ ਵਿਚੋਂ ਕੁਝ ਜਗ੍ਹਾ ਵਾਟਰ ਵਰਕਸ ਲਈ ਮੰਤਵ ਲਈ ਦੇ ਦਿੱਤੀ ਜਾਵੇਗੀ। ਆਸ ਹੈ ਕਿ ਇਹ ਮਾਮਲਾ ਜਲਦੀ ਸੁਲਝਾ ਲਿਆ ਜਾਵੇਗਾ ਅਤੇ 30.6.2015 ਤੱਕ ਪਿੰਡ ਨੂੰ ਪਾਣੀ ਦੀ ਸਪਲਾਈ ਕਰ ਦਿੱਤੀ ਜਾਵੇਗੀ।

ਰਾਣਾ ਗੁਰਜੀਤ ਸਿੰਘ : ਸਰ, ਇਸ ਬਾਲਮੀਕ ਧਰਮਸ਼ਾਲਾ ਦੀ ਜ਼ਮੀਨ ਰਾਜਾ ਕਪੂਰਥਲਾ ਵੱਲੋਂ ਦਿੱਤੀ ਮਾਫੀ ਵਾਲੀ ਜ਼ਮੀਨ ਹੈ । ਉਥੇ ਇਹ ਟਿਊਬਵੈਲ ਲਗਾਉਣਾ ਚਾਹੁੰਦੇ ਹਨ ਔਰ ਉਥੇ ਪੁਲਿਸ ਵੀ ਜ਼ਬਰਦਸਤੀ ਇੰਟਰਫੀਅਰ ਕਰਦੀ ਹੈ। ਜਿਹੜੇ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਸਾਡੀ ਬਾਲਮੀਕ ਧਰਮਸ਼ਾਲਾ ਵਿੱਚ ਇਹ ਟਿਊਬਵੈਲ ਲਗਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਥਾਣੇ ਵਿੱਚ ਤਿੰਨ-ਚਾਰ ਵਾਰ ਸੱਦਿਆ ਗਿਆ । ਤੁਹਾਡਾ ਡਿਪਾਰਟਮੈਂਟ ਥਾਣਾ ਚਲਾਉਂਦਾ ਹੈ, ਪੁਲਿਸ ਉਨ੍ਹਾਂ ਦੇ ਕਹੇ ਅਨੁਸਾਰ ਚਲਦੀ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਥਰੂ ਇਨ੍ਹਾਂ ਨੂੰ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ......।

ਮਾਨਯੋਗ ਸਪੀਕਰ : ਤੁਸੀਂ ਜਾਣਕਾਰੀ ਨਾ ਦਿਓ, ਕੁਐਸਚਨ ਪੁੱਛੋ ।

ਰਾਣਾ ਗੁਰਜੀਤ ਸਿੰਘ : ਉਸ ਵਿੱਚ ਪਿੰਡ ਇਬਨ ਦਾ ਜ਼ਿਕਰ ਹੀ ਨਹੀਂ ਕੀਤਾ ਗਿਆ । ਉਥੇ ਵਾਟਰ ਵਰਕਸ ਚਾਲੂ ਨਹੀਂ ਹੋਏ । ਉਸ ਬਾਰੇ ਮੰਤਰੀ ਜੀ ਦੱਸਣ ਕਿ ਇਹ ਡਿਲੇਅ ਕਿਉਂ ਹੋਇਆ ? ਇੱਕ ਵਾਰ ਟਿਊਬਵੈੱਲ ਲਗਾ ਕੇ ਉਸ ਨੂੰ ਕਿਉਂ ਪੁੱਟਿਆ ਗਿਆ ? ਇਸ ਦੇ ਇਲਾਵਾ ਇਹ ਹਾਲੇ ਤੱਕ ਚਾਲੂ ਕਿਉਂ ਨਹੀਂ ਹੋਇਆ ?

ਮੰਤਰੀ : ਸਪੀਕਰ ਸਾਹਿਬ, ਉਥੇ ਜ਼ਮੀਨ ਦਾ ਰੌਲਾ ਹੈ । ਇਹ ਸਾਡੇ ਬਹੁਤ ਹੀ ਸੀਨੀਅਰ ਮੈਂਬਰ ਹਨ । ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਸਾਨੂੰ ਜ਼ਮੀਨ ਦਿਵਾ ਦੇਣ, ਉਸੇ ਦਿਨ ਕੰਮ ਸ਼ੁਰੂ ਕਰਵਾ ਦੇਵਾਂਗੇ । ਇੱਕ ਦਿਨ ਦੀ ਵੀ ਡਿਲੇਅ ਨਹੀਂ ਕਰਾਂਗੇ । ਉਸੇ ਦਿਨ ਕੰਮ ਸ਼ੁਰੂ ਕਰਵਾ ਦੇਵਾਂਗੇ । ਪਿੰਡ ਵਿੱਚ ਜਗ੍ਹਾ ਦੀ ਪ੍ਰਾਬਲਮ ਹੈ । ਜਗ੍ਹਾ ਤਾਂ ਇਨ੍ਹਾਂ ਨੇ ਦੇਣੀ ਹੈ । ਜਿਸ ਦਿਨ ਜਗ੍ਹਾ ਮਿਲ ਗਈ, ਉਸੇ ਦਿਨ ਕੰਮ ਸ਼ੁਰੂ ਕਰਵਾ ਦੇਵਾਂਗੇ ।

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵੱਲੋਂ ਪਾਣੀ ਦੇ ਇਵਜ਼ ਵਿੱਚ ਰਾਇਲਟੀ ਵਸੂਲਣਾ

***1786. ਜਸਟਿਸ ਨਿਰਮਲ ਸਿੰਘ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਦੇਸ਼ ਵੰਡ ਤੋਂ ਪਹਿਲਾਂ ਪੰਜਾਬ ਰਾਜ ਆਪਣੇ ਪਾਣੀਆਂ ਦੇ ਇਵਜ਼ ਵਿੱਚ ਰਾਜਪੂਤਾਨਾ ਸਟੇਟ, ਬਹਾਵਲਪੁਰ ਅਤੇ ਪੁਰਾਣੀਆਂ ਸਟੇਟਾਂ ਪਟਿਆਲਾ, ਨਾਭਾ ਅਤੇ ਜੀਂਦ ਆਦਿ ਤੋਂ ਰਾਇਲਟੀ ਵਸੂਲਦਾ ਸੀ ;

(ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਰਾਜ ਰਾਜਪੂਤਾਨਾ ਦੀ ਉੱਤਰਾਧਿਕਾਰੀ ਸਟੇਟ ਰਾਜਸਥਾਨ ਕੋਲੋਂ ਵੀ ਰਾਇਲਟੀ ਵਸੂਲਦਾ ਸੀ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉਤਰ ਹਾਂ ਵਿੱਚ ਹੋਵੇ ਤਾਂ ਰਾਜਸਥਾਨ ਸਟੇਟ ਨੇ ਪੰਜਾਬ ਨੂੰ ਰਾਇਲਟੀ ਦੀ ਅਦਾਇਗੀ ਕਦੋਂ ਅਤੇ ਕਿਸ ਐਗਰੀਮੈਂਟ ਅਧੀਨ ਬੰਦ ਕਰ ਦਿੱਤੀ ਹੈ, ਵੇਰਵੇ ਸਹਿਤ ਦੱਸਿਆ ਜਾਵੇ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : (ੳ) ਜਿੱਥੋਂ ਤੱਕ ਰਾਜਪੂਤਾਨਾ ਰਾਜ ਦਾ ਸੰਬੰਧ ਹੈ, ਬੀਕਾਨੇਰ ਰਾਜ ਵੱਲੋਂ ਮਿਤੀ 4.9.1920 ਦੇ ਬ੍ਰਿਟਿਸ਼ ਸਰਕਾਰ, ਬਹਾਵਲਪੁਰ ਦੇ ਨਵਾਬ ਅਤੇ ਬੀਕਾਨੇਰ ਦੇ ਰਾਜੇ ਵਿੱਚ ਹੋਏ ਇੱਕ ਤ੍ਰਿਕੋਣੀ ਸਮਝੌਤੇ ਅਨੁਸਾਰ ਬ੍ਰਿਟਿਸ਼ ਸਰਕਾਰ ਨੂੰ ਪਾਣੀਆਂ ਦੀ ਸਪਲਾਈ ਦੀ ਰਾਇਲਟੀ ਦੇਣ ਯੋਗ ਸੀ। ਜਿੱਥੋਂ ਤੱਕ ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਦਾ ਸੰਬੰਧ ਹੈ, ਇਸ ਸੰਬੰਧ ਵਿੱਚ ਕੋਈ ਵੀ ਰਿਕਾਰਡ ਉਪਲਬਧ ਨਹੀਂ ਹੈ, ਜਿਸ ਤੋਂ ਇਹ

ਪਤਾ ਲੱਗ ਸਕੇ ਕਿ ਪੰਜਾਬ ਰਾਜ ਦੇਸ਼ ਦੀ ਵੰਡ ਤੋਂ ਪਹਿਲਾਂ ਇਨ੍ਹਾਂ ਰਾਜਾਂ ਤੋਂ ਪਾਣੀ ਦੇਣ ਦੇ ਬਦਲੇ ਰਾਇਲਟੀ ਵਸੂਲ ਕਰਦਾ ਸੀ ।

(ਅ) ਇਸ ਸੰਬੰਧ ਵਿੱਚ ਕੋਈ ਵੀ ਰਿਕਾਰਡ ਉਪਲਬਧ ਨਹੀਂ ਹੈ, ਜਿੱਥੋਂ ਇਹ ਪਤਾ ਲੱਗ ਸਕੇ ਕਿ ਪੰਜਾਬ ਰਾਜ ਰਾਜਪੂਤਾਨਾ ਦੇ ਉੱਤਰਾਧਿਕਾਰੀ ਰਾਜ ਰਾਜਸਥਾਨ ਕੋਲੋਂ ਕੋਈ ਰਾਇਲਟੀ ਲੈਂਦਾ ਸੀ ਜਾਂ ਨਹੀਂ ਪਰ 4.9.1920 ਦਾ ਤ੍ਰਿਕੋਣੀ ਸਮਝੌਤਾ 15 ਅਗਸਤ, 1947 ਨੂੰ ਇੰਡੀਅਨ ਇੰਡੀਪੈਂਡੈਂਸ ਐਕਟ, 1947 ਦੀ ਧਾਰਾ 7 ਦੀ ਸਬ ਧਾਰਾ ਬੀ ਅਤੇ ਸੀ ਅਨੁਸਾਰ ਖਤਮ ਹੋ ਗਿਆ ਅਤੇ ਹੁਣ ਅਮਲ ਵਿੱਚ ਨਹੀਂ ਹੈ ।

(ੲ) ਸੰਬੰਧਿਤ ਰਿਕਾਰਡ ਦੀ ਉਪਲਬਧਤਾ ਨਾ ਹੋਣ ਕਾਰਨ ਇਹ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ ਕਿ ਰਾਜਸਥਾਨ ਵੱਲੋਂ ਪੰਜਾਬ ਨੂੰ ਰਾਇਲਟੀ ਦੇਣਾ ਕਿਸ ਸਮੇਂ ਤੋਂ ਬੰਦ ਕੀਤਾ ਗਿਆ ।

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਹਰਿਆਣਾ ਤੇ ਰਾਜਸਥਾਨ ਦੋਨੋਂ ਰਾਇਲਟੀ ਨਹੀਂ ਦਿੰਦੇ ਤੇ ਪਾਣੀ ਫਰੀ ਲੈਂਦੇ ਹਨ ਪਰੰਤੂ ਜਿਹੜੀ ਮੇਨਟੀਨੈਂਸ ਹੈ, ਕੈਨਾਲਜ਼ ਦੀ, ਖਾਸ ਕਰਕੇ ਭਾਖੜਾ ਮੇਨ ਕੈਨਾਲ ਦੀ, ਇਸ ਬਾਰੇ ਮੇਰੀ ਬੇਨਤੀ ਹੈ ਕਿ ਮੇਰੇ ਜ਼ਿਲ੍ਹੇ ਫਤਹਿਗੜ੍ਹ ਸਾਹਿਬ ਵਿੱਚ ਨਹਿਰ ਦੀ ਆਰ. ਡੀ. 83000 ਤੋਂ 2.15 ਲੱਖ ਤੱਕ 40.25 ਕਿਲੋਮੀਟਰ ਦੀ ਲੰਬਾਈ ਆਉਂਦੀ ਹੈ । ਇਸ ਵਿੱਚ 116 ਪੁਆਇੰਟ ਤੇ ਇਹ ਵੀਕ ਹੋਈ ਹੈ ਤੇ 85% ਪਾਣੀ ਇਸ ਨਹਿਰ ਦਾ ਹਰਿਆਣਾ ਨੂੰ ਜਾਂਦਾ ਹੈ । ਉਹ ਮੇਨਟੀਨੈਂਸ ਨਹੀਂ ਦਿੰਦੇ ਤੇ ਮੇਰੇ ਹਲਕੇ ਵਿੱਚ ਵੀ ਜਿੱਥੋਂ ਦੀ ਨਹਿਰ ਜਾਂਦੀ ਹੈ, ਤੁਸੀਂ ਵੀ ਉਥੋਂ ਨਿਕਲਦੇ ਹੋ, ਜਿੱਥੇ ਤੋਂ ਪੁਆਇੰਟ ਵੀਕ ਹੁੰਦਾ ਹੈ, ਉਥੇ ਬਜਰੀ, ਰੇਤਾ ਤੇ ਸਮਿੰਟ ਪਾ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਨਹਿਰ 60 ਸਾਲ ਪਹਿਲਾਂ ਬਣੀ ਸੀ,.......

ਮਾਨਯੋਗ ਸਪੀਕਰ : ਜਿਹੜਾ ਤੁਸੀਂ ਜ਼ਿਕਰ ਕਰ ਰਹੇ ਹੋ, ਇਸ ਦਾ ਇਸ ਕੁਐਸਚਨ ਨਾਲ ਕੀ ਸੰਬੰਧ ਹੈ ?

ਜਸਟਿਸ ਨਿਰਮਲ ਸਿੰਘ : ਮੈਂ ਸੈਕਿੰਡ ਤੇ ਆਇਆ ਹਾਂ ਜੀ ।

Mr. Speaker : Why are you wasting the time of the House ?

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਸਦਨ ਵਿੱਚ ਹਾਜ਼ਰ ਹੋਏ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਦੀ ਆਮਦ ਤੇ ਥੰਪਿੰਗ ਕੀਤੀ ਗਈ ।)

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਉਹ ਰਾਇਲਟੀ ਨਹੀਂ ਦਿੰਦੇ, ਪਾਣੀ ਲੈਂਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਨਹਿਰਾਂ ਦੀ ਮੇਨਟੀਨੈਂਸ ਕਰਵਾਉਣ ਦੀ ਸਰਕਾਰ ਦੀ ਕੋਈ ਪਰਪੋਜ਼ਲ ਹੈ ਜਾਂ ਇਸ ਦੀ ਰੀ-ਲਾਈਨਿੰਗ ਕਰਨ ਦੀ ਕੋਈ ਪਰਪੋਜ਼ਲ ਹੈ ?

ਮੰਤਰੀ : ਸਪੀਕਰ ਸਾਹਿਬ, ਭਾਖੜਾ ਮੇਨ ਲਾਈਨ ਕੈਨਾਲ ਦੀ ਰਿਪੇਅਰ, ਰੈਨੋਵੇਸ਼ਨ ....(ਵਿਘਨ)...

Mr. Speaker : Please silence.... silence please.

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਇੰਨੀ ਇੰਪਾਰਟੈਂਟ ਅਪਰਚੂਨਿਟੀ ਹੈ, Hon'ble Finance Minister has come with his bag full of money. ਉਹ ਸ਼ੇਅਰ ਕਰ ਰਹੇ ਹਾਂ। (ਥੰਪਿੰਗ)

ਮਾਨਯੋਗ ਸਪੀਕਰ : ਜਦੋਂ ਬਜਟ ਪੇਸ਼ ਕਰਨਗੇ, ਉਦੋਂ ਗੱਲ ਕਰਾਂਗੇ ....(ਵਿਘਨ).... ਢਿੱਲੋਂ ਸਾਹਿਬ, ਰਾਇਲਟੀ ਤੇ ਹੀ ਜਵਾਬ ਦਿਓ ...(ਵਿਘਨ)... Please silence, Mofar ji, Please silence ... (Interruptions)..... Randhawa ji, please silence. ... Silence please. ਬੜਾ ਸੀਰੀਅਸ ਕੁਐਸਚਨ ਹੈ, ਜਵਾਬ ਆ ਲੈਣ ਦਿਉ।

ਮੰਤਰੀ : ਸਪੀਕਰ ਸਾਹਿਬ, ਭਾਖੜਾ ਮੇਨ ਲਾਈਨ ਕੈਨਾਲ ਦੀ ਰਿਪੇਅਰ, ਰੈਨੋਵੇਸ਼ਨ ਦਾ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਇਸ਼ੂ ਹੈ। ਸਾਡੇ ਇੰਡਸਟਰੀ ਵਾਲੇ ਬਿਹਾਰ ਤੋਂ ਕੋਲਾ ਲੈ ਕੇ ਆਉਂਦੇ ਹਨ ...

ਮਾਨਯੋਗ ਸਪੀਕਰ : ਇਸ ਨਾਲ ਇੰਡਸਟਰੀ ਦਾ ਤਾਂ ਸਬੰਧ ਨਹੀਂ ਹੈ।

ਸ਼੍ਰੀ ਅਸ਼ਵਨੀ ਸੇਖੜੀ : ਮੇਰਾ ਇਹ ਸਵਾਲ ਹੈ ਕਿ ਜੇ ਅਸੀਂ ਬਾਹਰਲੀਆਂ

ਸਟੇਟਾਂ ਵਿਚੋਂ ਕੋਈ ਸਮਾਨ ਲੈ ਕ੍ਰੇ ਆਉਂਦੇ ਹਾਂ ਤਾਂ ਅਸੀਂ ਰਾਇਲਟੀ ਦਿੰਦੇ ਹਾਂ। ਸਾਡਾ ਪਾਣੀ ਉਧਰ ਜਾ ਰਿਹਾ ਹੈ। ਕੀ ਸਰਕਾਰ ਅਸੈਂਬਲੀ ਵਿੱਚ ਇੱਕ ਰੈਜ਼ੋਲਿਊਸ਼ਨ ਲਿਆਏਗੀ ਕਿ ਸਾਡੇ ਪਾਣੀ ਤੇ ਵੀ ਰਾਇਲਟੀ ਮਿਲਣੀ ਚਾਹੀਦੀ ਹੈ।

ਮਾਨਯੋਗ ਸਪੀਕਰ : ਇਹ ਤਾਂ ਸੁਜੈਸ਼ਨ ਹੈ। ਹਾਂ ਜੀ, ਚੰਨੀ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ .....(ਵਿਘਨ)...

ਮਾਨਯੋਗ ਸਪੀਕਰ : ਪਲੀਜ਼, ਰੰਧਾਵਾ ਜੀ, ਜਦੋਂ ਤੁਹਾਨੂੰ ਪੂਰਾ ਟਾਈਮ ਦੇਈਦਾ ਹੈ, ਫਿਰ ਤੁਸੀਂ ਕਿਉਂ ਇੰਜ ਬੋਲਦੇ ਹੋ ...(ਵਿਘਨ)... Please silence.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਇਸ ਸਬੰਧ ਵਿੱਚ ਬੇਨਤੀ ਹੈ ਕਿ ਮੇਰੇ ਹਲਕੇ ਵਿਚੋਂ ਵੀ ਇਹ ਨਹਿਰ ਲੰਘਦੀ ਹੈ ....(ਵਿਘਨ)...

ਮਾਨਯੋਗ ਸਪੀਕਰ : ਇਸ ਵਿੱਚ ਬੀਕਾਨੇਰ ਦਾ ਕੀ ਸਬੰਧ ਹੈ? ਇਨ੍ਹਾਂ ਨਹਿਰਾਂ ਨਾਲ ਤੁਹਾਡਾ ਕੀ ਸਬੰਧ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ : ਹਾਂ ਜੀ, ਮੈਂ ਇਸ ਨਹਿਰ ਦੀ ਹੀ ਗੱਲ ਕਰ ਰਿਹਾ ਹਾਂ।

ਮਾਨਯੋਗ ਸਪੀਕਰ : ਬੀਕਾਨੇਰ ਵਾਲੀ, ਜਿਸ ਨਾਲ ਰਾਇਲਟੀ ਦਾ ਸਬੰਧ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ : ਇਹ ਨਹਿਰ ਮੇਰੇ ਹਲਕੇ ਵਿਚੋਂ ਲੰਘਦੀ ਹੈ ਜੀ। ਮੇਰੀ ਬੇਨਤੀ ਇਹ ਹੈ ਕਿ ਸਾਨੂੰ ਤਾਂ ਇਨ੍ਹਾਂ ਨਹਿਰਾਂ ਨੇ ਜੰਗਲੀ ਸੂਰ ਅਤੇ ਨੀਲ ਗਾਵਾਂ ਦਿੱਤੀਆਂ ਹਨ। ਇਹ ਪੱਕੀ ਹੋਣ ਕਰਕੇ ਇਸ ਦਾ ਸਾਡੇ ਇਲਾਕੇ ਨੂੰ ਕੋਈ ਫਾਇਦਾ ਨਹੀਂ ਹੁੰਦਾ। ਮੇਰੀ ਮੰਤਰੀ ਜੀ ਨੂੰ ਇੱਕ ਬੇਨਤੀ ਹੈ, ਇੱਕ ਸੁਝਾਅ ਹੈ ਅਤੇ ਇੱਕ ਸਵਾਲ ਹੈ ਕਿ ਕੀ ਜੇਕਰ ਇਨ੍ਹਾਂ ਨਹਿਰਾਂ ਨੂੰ ਥੱਲੇ ਤੋਂ ਕੱਚਾ ਕਰ ਦਿੱਤਾ ਜਾਵੇ ਤਾਂ ਸਾਡੇ ਪਿੰਡਾਂ ਨੂੰ ਇਸ ਦੀ ਸੇਮ ਦਾ ਫਾਇਦਾ ਹੋ ਜਾਵੇਗਾ। ਸਾਡਾ ਪਾਣੀ ਉਪਰ ਆ ਜਾਵੇਗਾ। ਕੀ ਮੰਤਰੀ ਜੀ ਵੱਲੋਂ ਮੇਰੀ ਤਜਵੀਜ਼ ਵਿਚਾਰ ਅਧੀਨ ਹੈ .....

Mr. Speaker : Good suggestion.

ਸਰਦਾਰ ਚਰਨਜੀਤ ਸਿੰਘ ਚੰਨੀ : ਇਸ ਨਹਿਰ ਨੂੰ ਹੇਠਾਂ ਤੋਂ ਕੱਚਾ ਕਰ ਦਿੱਤਾ ਜਾਵੇ।

ਮਾਨਯੋਗ ਸਪੀਕਰ : ਅਗਲਾ ਸਵਾਲ, ਰਾਣਾ ਗੁਰਜੀਤ ਸਿੰਘ ਜੀ।

ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ

***1789. ਰਾਣਾ ਗੁਰਜੀਤ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਕਪੂਰਥਲਾ ਵਿੱਚ ਹਰ ਇੱਕ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਵਿੱਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਤੇ ਖਾਲੀ ਪਈਆਂ ਅਸਾਮੀਆਂ ਦੀ ਵਿਸ਼ਾ ਵਾਰ ਗਿਣਤੀ ਕਿੰਨੀ-ਕਿੰਨੀ ਹੈ?

(ਅ) ਸਰਕਾਰ ਦੁਆਰਾ ਉਕਤ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਡਾਕਟਰ ਦਲਜੀਤ ਸਿੰਘ ਚੀਮਾ: (ੳ) ਸੂਚਨਾ *ਅਨੁਲੱਗ ੳ ਤੇ ਹੈ।

(ਅ) ਸਾਲ 2014 ਵਿੱਚ ਪਹਿਲਾਂ ਹੀ ਪੰਚਾਇਤੀ ਰਾਜ ਸੰਸਥਾਵਾਂ ਦੇ ਸਕੂਲ ਸਿੱਖਿਆ ਵਿਭਾਗ ਵਿੱਚ ਵਾਪਸ ਹੋਏ ਕੀਤੇ ਗਏ ਹਨ। ਇਸ ਲਈ ਹੁਣ ਸਾਰੇ ਸਕੂਲਾਂ ਵਿੱਚ ਆਰ.ਟੀ.ਈ. ਐਕਟ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਸਕੂਲਾਂ ਵਿੱਚ ਅਧਿਆਪਕਾਂ ਦਾ ਪ੍ਰਬੰਧ ਕਰਨ ਲਈ ਰੈਸ਼ਨੇਲਾਈਜੇਸ਼ਨ ਕੀਤੀ ਜਾਣੀ ਹੈ। ਰੈਸ਼ਨੇਲਾਈਜੇਸ਼ਨ ਦਾ ਕੰਮ ਮੁਕੰਮਲ ਹੋਣ ਉਪਰੰਤ ਹੀ ਲੋੜੀਂਦੇ ਹੋਰ ਅਧਿਆਪਕਾਂ ਦੀ ਭਰਤੀ ਦਾ ਕੰਮ ਅਰੰਭਿਆ ਜਾਵੇਗਾ।

ਸਾਲ 2014 ਵਿੱਚ ਸਰਕਾਰ ਵੱਲੋਂ ਹਾਈ ਅਤੇ ਮਿਡਲ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ 1847 ਅਧਿਆਪਕਾਂ ਦੀ ਭਰਤੀ ਕਰਦੇ ਹੋਏ ਜ਼ਿਲ੍ਹਾ ਕਪੂਰਥਲਾ ਵਿੱਚ 62 ਨਿਯੁਕਤੀਆਂ ਕੀਤੀਆਂ ਗਈਆਂ ਹਨ। ਜਿਹਨਾਂ ਵਿਚੋਂ ਹਲਕਾ ਕਪੂਰਥਲਾ ਵਿੱਚ 7 ਮਾਸਟਰ ਕਾਡਰ ਦੀਆਂ ਅਸਾਮੀਆਂ ਭਰੀਆਂ

**ਰਿਵਾਈਜ਼ਰ ਸ਼ਾਖਾ ਵਿਚ ਰੱਖਿਆ ਗਿਆ।

ਗਈਆਂ ਹਨ। ਇਸ ਸਮੇਂ ਵੱਖ-ਵੱਖ ਵਿਸ਼ਿਆਂ ਦੇ 3013 ਅਧਿਆਪਕਾਂ ਦੀ ਭਰਤੀ ਦਾ ਕੰਮ ਚੱਲ ਰਿਹਾ ਹੈ। ਇਸ ਸਬੰਧੀ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ 3013 ਅਧਿਆਪਕਾਂ ਦੀ ਭਰਤੀ ਦਾ ਕੰਮ ਮੁਕੰਮਲ ਹੁੰਦੇ ਹੀ ਕੁਝ ਅਧਿਆਪਕ ਕਪੂਰਥਲਾ ਹਲਕੇ ਵਿੱਚ ਵੀ ਤਾਇਨਾਤ ਕੀਤੇ ਜਾਣਗੇ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਕਿੰਨੇ ਅਧਿਆਪਕ ਹਨ ਅਤੇ ਕਿੰਨੇ ਘੱਟ ਹਨ? ਜਿਹੜੇ ਘੱਟ ਅਧਿਆਪਕ ਹਨ, ਕਦੋਂ ਤੱਕ ਇਨ੍ਹਾਂ ਨੂੰ ਪੂਰਾ ਕਰ ਦਿੱਤਾ ਜਾਵੇਗਾ? ਕੀ ਇਹ 3013 ਨਾਲ ਪੂਰੇ ਹੋ ਜਾਂਦੇ ਹਨ? ਜੇ ਨਹੀਂ ਹੁੰਦੇ ਤਾਂ ਉਸ ਦੇ ਲਈ ਸਰਕਾਰ ਕੀ ਉਪਰਾਲਾ ਕਰ ਰਹੀ ਹੈ? ਕਦੋਂ ਤੱਕ ਇਹ ਪੂਰਾ ਕਰ ਦੇਵੋਗੇ?

ਮਾਨਯੋਗ ਸਪੀਕਰ : ਉਹ ਤਾਂ ਭਰਤੀ ਕਰ ਰਹੇ ਹਨ, ਰਾਣਾ ਜੀ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਸਾਡੇ ਸੀਨੀਅਰ ਸਾਥੀ ਹਨ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਿੱਖਿਆ ਵਿਭਾਗ ਤੇ, ਸਾਡੇ ਸਕੂਲਾਂ ਦੇ ਸਬੰਧ ਵਿੱਚ ਆਪਣੀ ਚਿੰਤਾ ਪ੍ਰਗਟ ਕੀਤੀ ਹੈ। ਮੈਨੂੰ ਖੁਸ਼ੀ ਹੁੰਦੀ ਹੈ ਜਦੋਂ ਸਾਡੇ ਮੈਂਬਰ ਸਾਹਿਬ ਆਧਿਆਪਕਾਂ ਦੀ ਘਾਟ ਦੀ ਗੱਲ ਕਰਦੇ ਹਨ ਕਿਉਂਕਿ ਸਾਰਿਆਂ ਦੇ ਧਿਆਨ ਦੇਣ ਨਾਲ ਹੀ ਮਸਲਾ ਹੱਲ ਹੋ ਸਕਦਾ ਹੈ। ਪਹਿਲਾਂ ਤਾਂ ਇਸ ਗੱਲ ਦੀ ਵਧਾਈ ਹੈ ਕਿ 51 ਪ੍ਰਾਇਮਰੀ ਸਕੂਲ ਇਨ੍ਹਾਂ ਦੇ ਹਲਕੇ ਵਿੱਚ ਇਹੋ ਜਿਹੇ ਹਨ, ਜਿਨ੍ਹਾਂ ਵਿੱਚ 100 ਪ੍ਰਤੀਸ਼ਤ ਸਟਾਫ ਹੈ, ਇੱਕ ਵੀ ਆਸਾਮੀ ਉਥੇ ਖਾਲੀ ਨਹੀਂ ਹੈ। ਮੈਂ ਇਨ੍ਹਾਂ ਨੂੰ ਨਾਮ ਵੀ ਦੱਸ ਦਿੰਦਾ ਹਾਂ- ਰਜਾਪੁਰ, ਆਰੀਆਵਾਲ, ਜਵਾਲਾਪੁਰ, ਮੰਡੀ ਧੰਦਲ ....(ਵਿਘਨ)...

ਰਾਣਾ ਗੁਰਜੀਤ ਸਿੰਘ (ਬੈਠੇ- ਬੈਠੇ) : ਇਨ੍ਹਾਂ 51 ਦਾ ਮੈਨੂੰ ਪਤਾ ਹੀ ਹੈ, ਇਹ ਐਵੇਂ ਟਾਈਮ ਖਰਾਬ ਕਰ ਰਹੇ ਹਨ।

ਮੰਤਰੀ : 51 ਇਹ ਹਨ ਜੀ ਅਤੇ 23 ਮਿਡਲ ਅਤੇ ਹਾਈ ਸਕੂਲ ਹਨ, ਜਿਥੇ ਜਾਂ 100 ਪ੍ਰਤੀਸ਼ਤ ਸਟਾਫ ਪੂਰਾ ਹੈ ਜਾਂ ਇੱਕ ਵੇਕੈਂਸੀ ਘੱਟ ਹੈ। ਲੇਕਿਨ ਮੈਂ ਇਨ੍ਹਾਂ ਨੂੰ ਐਸ਼ੋਰੈਂਸ ਵੀ ਦਿੰਦਾ ਹਾਂ ਕਿ ਹਾਲੇ ਵੀ ਜਿਹੜੀ 3013 ਦੀ ਭਰਤੀ ਹੈ, ਉਸ ਦੇ ਵਿਚੋਂ ਵੀ ਅਤੇ ਰੈਸ਼ਨੇਲਾਈਜੇਸ਼ਨ 31 ਤਰੀਕ ਨੂੰ ਪੂਰੀ ਹੋਣ ਵਾਲੀ ਹੈ, ਉਸ ਦੇ ਵਿਚੋਂ ਦੁਬਾਰਾ ਜਿਹੜੀਆਂ ਖਾਲੀ ਪੋਸਟਾਂ ਹਨ, ਉਹ ਭਰ ਕੇ, ਉਹ ਵੀ ਇਨ੍ਹਾਂ ਦੀ ਘਾਟ ਪੂਰੀ ਕਰ ਦੇਵਾਂਗੇ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੇਰੀ ਦੂਜੀ ਸਪਲੀਮੈਂਟਰੀ ਇਹ ਹੈ ਕਿ ਕੀ ਰੈਸ਼ੇਨੇਲਾਈਜੇਸ਼ਨ ਕਰਨ ਤੋਂ ਬਾਅਦ, 313 ਅਧਿਆਪਕ ਭਰਤੀ ਕਰਨ ਤੋਂ ਬਾਅਦ ਸਾਡੀ ਕਮੀ ਪੂਰੀ ਜਾਵੇਗੀ ਜਾਂ ਨਹੀਂ? ਜੇ ਨਹੀਂ ਤਾਂ ਇਹ ਕਮੀ ਕਦੋਂ ਤੱਕ ਪੂਰੀ ਕਰ ਦਿਉਗੇ?

ਮੰਤਰੀ : ਮੇਰੀ ਬੇਨਤੀ ਹੈ ਕਿ ਇਹ 313 ਨਹੀਂ, ਇਹ 3013 ਦਾ ਕੰਮ ਚਲ ਰਿਹਾ ਹੈ, ਜਿਹੜੀਆਂ ਪੋਸਟਾਂ ਰੈਸ਼ੇਨੇਲਾਈਜ਼ੇਸ਼ਨ ਤੋਂ ਬਾਅਦ ਬਾਕੀ ਬਚਣਗੀਆਂ ਉਨ੍ਹਾਂ ਵਾਸਤੇ ਫਿਰ ਐਡਵਰਟਾਈਜ਼ਮੈਂਟ ਕਰਕੇ ਜਿੰਨੀਆਂ ਫਿਰ ਬਾਕੀ ਖਾਲੀ ਰਹਿਣਗੀਆਂ ਉਹ ਵੀ ਭਰਨ ਦਾ ਕੰਮ ਸ਼ੁਰੂ ਕਰਾਂਗੇ।

ਰਾਣਾ ਗੁਰਜੀਤ ਸਿੰਘ : ਇਸ ਵਿਚ ਕਿੰਨਾ ਟਾਈਮ ਲੱਗੇਗਾ?

ਮੰਤਰੀ : ਸਾਡੀ ਕੋਸ਼ਿਸ਼ ਹੈ ਕਿ ਜਿੰਨੀ ਜਲਦੀ ਹੋ ਸਕੇ ਉਹ ਕਰਾਂਗੇ।

ਮਾਨਯੋਗ ਸਪੀਕਰ : ਠੀਕ ਹੈ ਜੀ। I agree. ਅਗਲਾ ਸਵਾਲ ਸਰਦਾਰ ਅਜੀਤ ਇੰਦਰ ਸਿੰਘ ਮੋਫਰ।

ਟ੍ਰੈਫਿਕ ਪੁਲਿਸ ਕਰਮਚਾਰੀਆਂ ਦੀ ਗਿਣਤੀ

***1846. ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿਚ ਇਸ ਸਮੇਂ ਟ੍ਰੈਫਿਕ ਪੁਲਿਸ ਵਿਚ ਕੰਮ ਕਰ ਰਹੇ ਪੁਲਿਸ ਕਰਮਚਾਰੀਆਂ ਦੀ ਵਾਰ ਕੁਲ ਗਿਣਤੀ ਕਿੰਨੀ ਹੈ:

ਅ) ਰਾਜ ਵਿਚ ਟ੍ਰੈਫਿਕ ਪੁਲਿਸ ਦੇ ਕਰਮਚਾਰੀਆਂ ਦੀ ਗਿਣਤੀ ਵਧਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾਣਗੇ।

ਸਰਦਾਰ ਸੁਖਬੀਰ ਸਿੰਘ ਬਾਦਲ : ਸ਼੍ਰੀਮਾਨ ਜੀ,

(ੳ) ਰਾਜ ਵਿੱਚ ਇਸ ਸਮੇ ਟ੍ਰੈਫਿਕ ਪੁਲਿਸ ਵਿੱਚ ਕੰਮ ਕਰ ਰਹੇ ਪੁਲਿਸ ਕਰਮਚਾਰੀਆਂ ਦੀ ਸ਼੍ਰੇਣੀ ਵਾਰ ਗਿਣਤੀ ਦਾ ਵੇਰਵਾ ਹੇਠ ਅਨੁਸਾਰ ਹੈ :

ਇੰਸ	ਸਬ-ਇੰਸ.	ਸ. ਸਬ-ਇੰਸ.	ਮੁੱਖ ਸਿਪਾਹੀ	ਲੇਡੀ/ ਮੁੱਖ ਸਿਪਾਹੀ	ਸਿਪਾਹੀ	ਲੇਡੀ/ ਸਿਪਾਹੀ	ਹੋਮ ਗਾਰਡ/ ਐਸ.ਪੀ. ਓਜ	ਕੁਲ
34	41	200	939	44	479	38	117	1892

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਜਵਾਬ ਦਿੱਤਾ ਹੈ। ਪਹਿਲੇ ਭਾਗ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਇੰਸਪੈਕਟਰ 34, ਸਬ ਇੰਸਪੈਕਟਰ 41, ਇਹ ਟੋਟਲ 1892 ਸਾਰੀਆਂ ਬਣਦੀਆਂ ਹਨ। ਏਡਾ ਵੱਡਾ ਸੂਬਾ ਹੈ ਕਿ ਔਰ ਜੇ ਤੁਸੀਂ ਵੇਖੋ ਤਾਂ ਅੱਤਵਾਦ ਵੇਲੇ 36000 ਲੋਕ ਮਾਰੇ ਗਏ ਸਨ । ਆਹ ਇਕ ਸਾਲ ਦੇ ਅੰਦਰ ਅੰਦਰ 3900 people have been killed in the road accidents. ਤੁਹਾਡੇ ਜਿਵੇਂ ਮੇਨ ਹਾਈਵੇ ਹਨ ਜਿਵੇਂ ਆਪਣਾ ਅੰਬਾਲੇ ਤੋਂ ਲੈ ਕੇ ਅੰਮ੍ਰਿਤਸਰ ਤੱਕ ਕੋਈ ਵੀ ਪੁਲ ਪੂਰਾ ਨਹੀਂ ਹੈ। ਤਕਰੀਬਨ 50 ਪ੍ਰਤੀਸ਼ਤ ਕੰਮ ਵਿਚ ਰੁਕਿਆ ਹੈ। ਸੈਕੰਡਲੀ ਇਨ੍ਹਾਂ ਨੇ ਕਿਹਾ ਹੈ ਕਿ ਵਿਚਾਰ ਅਧੀਨ ਹੈ । ਕੀ ਇਹ ਪ੍ਰੈਜ਼ੇਂਟ ਪੁਲਿਸ ਵਿਚੋਂ ਬੰਦਿਆਂ ਨੂੰ ਉਧਰ ਟਰਾਂਸਫਰ ਕਰਨਗੇ ਜਾਂ ਨਵੀਂ ਰਿਕਰੂਟਮੈਂਟ ਕਰਨਗੇ ਕਿਉਂਕਿ ਤੁਹਾਡੇ ਕੋਲ ਪੁਲਿਸ ਦੀ ਆਲਰੇਡੀ ਨਫਰੀ ਬਹੁਤ ਘੱਟ ਹੈ ਕਿਉਂਕਿ ਅਸੀਂ ਵੇਖ ਰਹੇ ਹਾਂ ਕਿ ਜ਼ਿਲ੍ਹਿਆਂ ਵਿਚ ਕਿਸੇ ਸਿਪਾਹੀ ਨੇ ਆਪਣੇ ਹੋਮ ਜ਼ਿਲੇ ਵਿਚ ਟਰਾਂਸਫਰ ਕਰਵਾਉਣੀ ਹੈ ਤਾਂ ਉਹ ਜਾ ਨਹੀਂ ਸਕਦਾ ਕਿਉਂਕਿ ਦੂਜੇ ਪਾਸੇ ਨਫਰੀ ਘੱਟ ਹੈ । ਕੀ ਨਵੀਂ ਭਰਤੀ ਕਰੋਗੇ ਜਾਂ ਇਨ੍ਹਾਂ ਦੇ ਵਿਚੋਂ ਹੀ ਐਡਜਸਟ ਕਰੋਗੇ ਔਰ ਟੋਟਲ ਕਿੰਨੀ ਕਰੋਗੇ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਆਹ ਜਿਹੜਾ ਐਕਸੀਡੈਂਟ ਦਾ ਵੱਡਾ ਕਾਰਨ ਹੈ ਕਿ ਅੱਜਕੱਲ ਦੀਆਂ ਵਹੀਕਲਜ਼ ਦੀਆਂ ਸਪੀਡ ਲਿਮਟ ਕੋਈ ਕੰਟਰੋਲ ਨਹੀਂ ਕਰਦਾ ਹੈ । ਇਸ ਦਾ ਮੇਨ ਇਲਾਜ ਤਾਂ ਹੈ ਕਿ ਜਿਹੜੀਆਂ ਸੜਕਾਂ ਦੀ ਅਸੀ ਫੋਰ ਲੇਨ ਕਰਨ ਲੱਗੇ ਹਾਂ । ਮੈਂ ਸ਼੍ਰੀ ਗਡਕਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਮੈਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਅਗਲੇ ਦੋ ਸਾਲਾਂ ਦੇ ਅੰਦਰ ਜਿੰਨੇ ਮੇਨ ਸ਼ਹਿਰ ਹਨ ਉਹ ਸਾਰੇ ਹੀ ਫੋਰ ਲੇਨ ਜਾਂ ਸਿਕਸ ਲੇਨ ਨਾਲ ਕੁਨੈਕਟ ਹੋ ਜਾਣਗੇ। ਸੋ, 50% ਜਿਹੜੀ ਪ੍ਰਾਬਲਮ ਹੈ ਉਹ ਉਸ ਨਾਲ ਹੀ ਹੱਲ ਹੋ ਜਾਵੇਗੀ । ਜੇ ਅਲੱਗ ਅਲੱਗ ਲੇਨਜ਼ ਹੋਣਗੀਆਂ ਤਾਂ ਐਕਸੀਡੈਂਟ ਦਾ ਚਾਂਸ ਬਹੁਤ ਘੱਟ ਜਾਂਦਾ ਹੈ। ਦੂਜੀ ਗੱਲ ਅਸੀਂ ਕਰਨ ਲੱਗੇ ਹਾਂ ਟੈਕਨਾਲੋਜੀ ਰਾਹੀਂ । ਅਸੀਂ ਕਰਨ ਲੱਗੇ ਹਾਂ ਕਿ ਹੁਣ ਜਿੰਨੇ ਹਾਈਵੇ ਬਣਨਗੇ, ਸਾਰਿਆਂ ਉਤੇ ਸਪੀਡਿੰਗ ਕੈਮਰਾ ਲਗਾ ਕੇ ਜਿਸ ਤਰ੍ਹਾਂ ਦਾ ਆਟੋਮੈਟੀਕਲੀ ਸਿਸਟਮ ਬਾਹਰਲੇ ਦੇਸ਼ਾਂ ਵਿਚ ਹੁੰਦਾ ਹੈ ਕਿ ਤੁਸੀਂ ਕਾਰਾਂ ਤੇ ਜਾਂਦੇ ਹੋ ਤੇ ਜੇ ਤੁਸੀਂ ਓਵਰ-ਸਪੀਡ ਜਾਂਦੇ ਹੋ ਤਾਂ ਆਪਣੇ ਆਪ ਹੀ ਤੁਹਾਡੇ ਘਰੇ ਚਲਾਨ ਆ ਜਾਂਦਾ ਹੈ । ਸੋ, we are

[ਉਪ ਮੁੱਖ ਮੰਤਰੀ]

going to use technology. ਬੰਦੇ ਜਿੰਨੇ ਮਰਜ਼ੀ ਖੜ੍ਹੇ ਹੋ ਜਾਣ ਉਨ੍ਹਾਂ ਦਾ ਕੋਈ ਜ਼ਿਆਦਾ ਇਫੈਕਟ ਨਹੀਂ ਹੁੰਦਾ । ਬਾਕੀ ਇਕ ਮੇਰਾ ਮੇਨ ਏਜੰਡਾ ਵੀ ਹੈ ਅਤੇ ਮੈਂ ਪਰਸੋਂ ਡੀ.ਜੀ.ਪੀ.ਸਾਹਿਬ ਨਾਲ ਇਹੋ ਹੀ ਗੱਲ ਕਰ ਰਿਹਾ ਸੀ ਕਿ ਇਸ ਨੂੰ ਰੈਸ਼ੇਨੇਲਾਈਜ਼ ਕਰਨ ਵਾਸਤੇ ਕੀ ਕੀ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਜਿਥੇ ਟੈਕਨਾਲੋਜੀ ਨਾਲ ਕੁਝ ਕਰ ਸਕਦੇ ਹਾਂ ਉਥੇ ਟੈਕਨਾਲੋਜੀ ਨਾਲ ਕਰੀਏ । ਜਿਥੇ ਰੋਡਜ਼ ਦੀ ਐਕਸਪੈਨਸ਼ਨ ਨਾਲ ਹੋ ਸਕਦਾ ਹੈ ਉਥੇ ਰੋਡਜ਼ ਦੀ ਐਕਸਪੈਨਸ਼ਨ ਕਰੀਏ। ਪਰ ਜਿਹੜਾ ਅਸੀਂ ਰੋਡਜ਼ ਦਾ ਕੰਮ ਕਰਨ ਲੱਗੇ ਹਾਂ ਉਹ ਹਿੰਦੁਸਤਾਨ ਦੀ ਕਿਸੇ ਸਟੇਟ ਵਿਚ ਨਹੀਂ ਹੋਣਾ ਜਿਹੜਾ ਕਿ ਪੰਜਾਬ ਨੇ ਅਗਲੇ ਦੋ ਸਾਲਾਂ ਵਿਚ ਇੰਪਲੀਮੈਂਟ ਕਰ ਦੇਣਾ ਹੈ। ਕਿਸੇ ਸਟੇਟ ਵਿਚ ਚਲੇ ਜਾਉ ਤਾਂ ਇਕ ਜਾਂ ਦੋ ਸ਼ਹਿਰ ਨਾਲ-ਨਾਲ ਕੁਨੈਕਟ ਹੁੰਦੇ ਹਨ ਪਰ ਸਾਡਾ ਪੰਜਾਬ ਸਾਰਾ ਹੀ ਹੋਇਆ ਹੈ। ਜਿਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਗੁਰਦਾਸਪੁਰ ਵਿਚ ਪਹਿਲਾਂ ਕਿੰਨਾ ਬੁਰਾ ਹਾਲ ਹੁੰਦਾ ਸੀ ਪਰ ਹੁਣ ਸੜਕ ਇਨੀ ਵਧੀਆ ਹੈ ਕਿ ਇੰਟਰਨੈਸ਼ਨਲ ਰੋਡਜ਼ ਵਾਂਗ ਚਲਦੀ ਹੈ। ਬਾਕੀ ਜਿਹੜੀ ਇੰਪਲਾਈਜ਼ ਦੀ ਗੱਲ ਹੈ, ਹਾਲੇ ਨਵੀਂ ਭਰਤੀ ਕਰਨ ਵਾਸਤੇ ਕੋਈ ਪਰਪੋਜਲ ਨਹੀਂ ਹੈ । ਜਿੰਨੀ ਸਾਡੀ ਨਫਰੀ ਹੈ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਚਾਰਜ ਲਿਆ ਤਾਂ ਪੰਜਾਬ ਪੁਲਿਸ ਦੇ ਬਹੁਤ ਘੱਟ ਇੰਪਲਾਈਜ਼ ਸਨ । ਅਸੀਂ ਤਕਰੀਬਨ ਹੁਣੇ 20000 ਭਰਤੀ ਕੀਤੇ ਹਨ ਜਿਵੇਂ ਜਿਵੇਂ ਹੁਣ ਵੇਕੈਂਸੀਜ਼ ਹੋਈ ਜਾਣਗੀਆਂ ਤਾਂ ਅਸੀਂ ਸਿਸਟਮ ਅਜਿਹਾ ਬਣਾ ਰਹੇ ਹਾਂ ਕਿ ਨਾਲ ਦੀ ਨਾਲ ਭਰਤੀ ਹੋਈ ਜਾਵੇਗੀ ਪਰ ਇਸ ਦੇ ਵਿਚੋਂ ਹੀ ਅਸੀਂ ਇਨਕਰੀਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ (ਰੂਲਿੰਗ ਪਾਰਟੀ ਵੱਲੋਂ ਥੰਪਿੰਗ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਠੀਕ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਦੋ ਸਾਲ ਦੇ ਵਿਚ ਟਰੈਫਿਕ ਟੈਕਨਾਲੋਜੀ ਦੇ ਨਾਲ ਕੰਟਰੋਲ ਕਰਾਂਗੇ । ਪਰ ਦੋ ਸਾਲਾਂ ਵਿਚ ਤਾਂ ਅੱਠ-ਨੌਂ ਹਜ਼ਾਰ ਹੋਰ ਬੰਦਾ ਮਰ ਜਾਵੇਗਾ।

(**ਇਕ ਆਵਾਜ਼ :** ਤੁਸੀਂ ਇਸ ਤਰ੍ਹਾਂ ਕਾਹਨੂੰ ਕਹਿੰਦੇ ਹੋ?)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਅਸੀਂ ਤਾਂ ਇਹ ਕਹਿ ਰਹੇ ਹਾਂ ਕਿ ਨਾਲ ਹੀ ਤਾਂ ਬੱਚਿਆਂ ਨੂੰ ਨੌਕਰੀ ਮਿਲੇਗੀ, ਥੋੜ੍ਹੀ ਬਹੁਤ ਨਵੀਂ ਭਰਤੀ ਕਰ ਲਵੋ, ਕੁਝ ਇਧਰੋਂ ਐਡਜਸਟ ਕਰ ਲਵੋ ਜੀ, ਆਪਾਂ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ। ਇਹ ਦੱਸੋ ਕਿ ਇਹ ਕਰੋਗੇ ਜਾਂ ਨਹੀਂ। ਜੇਕਰ ਕਰੋਗੇ ਤਾਂ ਕਦੋਂ ਤੱਕ ਕਰੋਗੇ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਹੁਣੇ ਜਵਾਬ ਵਿੱਚ ਕਿਹਾ ਹੈ ਕਿ ਜਿਵੇਂ ਹੀ ਵੇਕੈਂਸੀਜ਼ ਆਉਣਗੀਆਂ, ਅਸੀਂ 20,000 ਦੀ ਭਰਤੀ ਕੀਤੀ ਹੈ, 20,000 ਨੂੰ ਟ੍ਰੇਨਿੰਗ ਦੇਣੀ ਲੰਮਾ ਕੰਮ ਹੈ ਅਤੇ ਅੱਧੇ ਤਾਂ ਹਾਲੇ ਟ੍ਰੇਨਿੰਗ ਵਿੱਚ ਹੀ ਹਨ। ਇਸ ਵਕਤ ਸਾਰੇ ਟ੍ਰੇਨਿੰਗ ਸਟੇਸ਼ਨ ਭਰੇ ਹੋਏ ਹਨ। ਮੈਨੂੰ ਪੂਰੀ ਉਮੀਦ ਹੈ ਕਿ ਅਗਲੇ ਸਾਲ ਮੁਲਾਜ਼ਮਾਂ ਦੇ ਰਿਟਾਇਰ ਹੋਣ ਤੇ ਵੇਕੈਂਸੀਜ਼ ਖਾਲੀ ਹੋਣਗੀਆਂ, ਅਸੀਂ ਇਹ ਕੰਮ ਕਰਾਂਗੇ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਟ੍ਰੈਫਿਕ ਕੰਟਰੋਲ ਕਰਨ ਵਾਸਤੇ ਡੀ.ਸੀ. ਸਾਹਿਬ ਨੇ ਸਿਵਲ ਡਿਫੈਂਸ ਨਾਂ ਦੀ....

ਮਾਨਯੋਗ ਸਪੀਕਰ : ਨਹੀਂ ਜੀ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਸਵਾਲ ਤਾਂ ਸੁਣ ਲਓ। ਡੀ.ਸੀ. ਸਾਹਿਬ ਨੇ ਸਿਵਲ ਡਿਫੈਂਸ ਨਾਂ ਦੀ ਇਕ ਸੁਸਾਇਟੀ ਬਣਾ ਕੇ ਨੌਜਵਾਨਾਂ ਨੂੰ ਟ੍ਰੈਫਿਕ ਕੰਟਰੋਲ ਕਰਨ ਲਈ ਲਗਾ ਲਿਆ। ਇਸ ਗੱਲ ਨੂੰ ਸਾਲ ਹੋ ਗਿਆ ਹੈ ਪਰੰਤੂ ਉਨ੍ਹਾਂ ਨੌਜਵਾਨਾਂ ਨੂੰ ਹਾਲੇ ਤੱਕ ਡੀ.ਸੀ. ਰੇਟ ਤੇ ਵੀ ਕੋਈ ਪੈਸਾ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਨੂੰ ਪੈਸੇ ਦੇ ਨਾਂ ਤੇ ਇਕ ਟਕਾ ਵੀ ਨਹੀਂ ਦਿੱਤਾ ਗਿਆ। ਬੱਚਿਆਂ ਨੂੰ ਕੰਮਾਂ ਤੋਂ ਛੁਡਾ ਕੇ ਚੌਂਕਾਂ ਵਿੱਚ ਖੜ੍ਹਾ ਕਰ ਲਿਆ ਪਰੰਤੂ ਪੈਸਾ ਕੋਈ ਨਹੀਂ ਦਿੱਤਾ। ਉਨ੍ਹਾਂ ਬੱਚਿਆਂ ਨੇ ਟ੍ਰੈਫਿਕ ਬਹੁਤ ਵਧੀਆ ਕੰਟਰੋਲ ਕੀਤਾ ਜੇਕਰ ਅਸੀਂ ਉਨ੍ਹਾਂ ਨੂੰ ਡੀ.ਸੀ. ਰੇਟ ਤੇ ਵੀ ਪੈਸੇ ਦੇਣ ਨੂੰ ਤਿਆਰ ਨਹੀਂ, ਮੁਲਾਜ਼ਮ ਨੂੰ ਅਸੀਂ 40,000 ਰੁਪਿਆ ਦਿੰਦੇ ਹਾਂ ਜਦਕਿ ਉਹ ਸਿਰਫ਼ 6000/- ਰੁਪਏ ਵਿੱਚ ਟ੍ਰੈਫਿਕ ਕੰਟਰੋਲ ਕਰਦੇ ਸੀ। ਪੈਸਾ ਨਾ ਮਿਲਣ ਕਾਰਨ ਉਹ ਵਾਪਸ ਆਪਣੇ ਘਰਾਂ ਨੂੰ ਮੁੜ ਗਏ।

ਉਪ ਮੁੱਖ ਮੰਤਰੀ : ਬੈਂਸ ਸਾਹਿਬ, ਉਹ ਵਲੰਟੀਅਰ ਸਰਵਿਸ ਹੈ, ਕੋਈ ਜਾਬ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਬੈਂਸ : ਉਨ੍ਹਾਂ ਦੀ ਭਰਤੀ ਇਹ ਕਹਿ ਕੇ ਕੀਤੀ ਗਈ ਸੀ ਕਿ ਤੁਹਾਨੂੰ ਡੀ.ਸੀ. ਰੇਟ ਤੇ ਪੈਸੇ ਦਿਆਂਗੇ।

ਉਪ ਮੁੱਖ ਮੰਤਰੀ : ਇਹ ਹੋ ਹੀ ਨਹੀਂ ਸਕਦਾ ਕਿ ਭਰਤੀ ਕੀਤੀ ਹੋਵੇ।

ਮਾਨਯੋਗ ਸਪੀਕਰ : ਅਗਲਾ ਪ੍ਰਸ਼ਨ।

***1869. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਪਸ਼ੂ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਠਿੰਡਾ ਦੇ ਪਿੰਡ ਰਾਏ ਕੇ ਕਲਾਂ ਵਿੱਚ 1992 ਵਿੱਚ 9 ਕਿੱਲਿਆਂ ਵਿੱਚ ਇੱਕ ਮੱਛੀ ਪੂੰਗ ਫਾਰਮ ਸਥਾਪਿਤ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਸਾਲ 2012 ਤੋਂ 2014 ਦੇ ਦੌਰਾਨ ਉਕਤ ਫਾਰਮ ਤੋਂ ਵਿਭਾਗ ਵੱਲੋਂ ਕਿੰਨਾਂ ਮੱਛੀ ਪੂੰਗ ਤਿਆਰ ਕੀਤਾ ਗਿਆ ਹੈ ਅਤੇ ਕਿੰਨਾ ਪੂੰਗ ਮੱਛੀ ਪਾਲਕਾਂ ਨੂੰ ਸਪਲਾਈ ਕੀਤਾ ਗਿਆ ਅਤੇ ਵਿਭਾਗ ਨੂੰ ਇਸ ਤੋਂ ਕਿੰਨੀ ਆਮਦਨ ਹੋਈ ਹੈ?

ਸਰਦਾਰ ਗੁਲਜਾਰ ਸਿੰਘ ਰਣੀਕੇ : ਸਾਲ 1992 ਵਿੱਚ ਜ਼ਿਲ੍ਹਾ ਬਠਿੰਡਾ ਵਿੱਚ ਸਰਕਾਰੀ ਮੱਛੀ ਪੂੰਗ ਫਾਰਮ, ਰਾਏ-ਕੇ-ਕਲਾਂ, ਬਠਿੰਡਾ 4 ਹੈਕਟੇਅਰ (10 ਏਕੜ) ਰਕਬੇ ਵਿੱਚ ਸਥਾਪਿਤ ਕੀਤਾ ਗਿਆ ਸੀ। ਇਸ ਮੱਛੀ ਪੂੰਗ ਫਾਰਮ ਵਿਚ ਸਾਲ 2012 ਤੋਂ 2014 ਦੌਰਾਨ ਮੱਛੀ ਪੂੰਗ ਉਤਪਾਦਨ, ਸਪਲਾਈ ਅਤੇ ਇਸ ਤੋਂ ਹੋਈ ਆਮਦਨ ਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ:	ਸਾਲ	ਮੱਛੀ ਪੂੰਗ ਦੀ ਪੈਦਾਵਾਰ (ਲੱਖਾਂ ਵਿੱਚ)	ਮੱਛੀ ਪਾਲਕਾਂ ਨੂੰ ਮੱਛੀ ਪੂੰਗ ਦੀ ਸਪਲਾਈ (ਲੱਖਾਂ ਵਿੱਚ)	ਮੱਛੀ ਪੂੰਗ ਦੀ ਵੇਚ ਤੋਂ ਆਮਦਨ (ਰੁਪਏ ਵਿੱਚ)
1	2012-13	16.01	16.01	1,60,100/-
2	2013-14	20.03	20.03	2,00,300/-

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਇਹ ਪ੍ਰਾਜੈਕਟ ਕਾਫੀ ਵੱਡਾ ਹੈ ਅਤੇ ਇਸ ਨੇ ਕਾਫੀ ਜਗ੍ਹਾ ਘੇਰੀ ਹੋਈ ਹੈ ਪਰੰਤੂ ਉਸ ਦੇ ਹਿਸਾਬ ਨਾਲ ਇਨਕਮ ਬਹੁਤ ਘੱਟ ਹੈ। ਸਾਲ 2012-13 ਵਿੱਚ 1,60,100/- ਰੁਪਏ ਅਤੇ ਅਗਲੇ ਸਾਲ 2,00,300/- ਰੁਪਏ ਦੀ ਆਮਦਨ ਹੈ। ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਇੰਨਾ ਵੱਡਾ ਪ੍ਰਾਜੈਕਟ ਅਤੇ ਇੰਨਾ ਜ਼ਿਆਦਾ ਸਟਾਫ਼ ਹੈ, ਇਸ ਵਿੱਚ ਕੋਈ ਇੰਪਰੂਵਮੈਂਟ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ?

ਮੰਤਰੀ : ਸਪੀਕਰ ਸਾਹਿਬ, ਇਸ ਫਾਰਮ ਵਿੱਚ ਨਵੀਨਤਾ ਲਿਆਉਣ ਵਾਸਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਬਠਿੰਡਾ ਵਿਖੇ ਸੰਗਤ ਦਰਸ਼ਨ ਕਰਨ ਗਏ ਸਨ, ਉਥੇ ਉਨ੍ਹਾਂ ਨੇ ਹਦਾਇਤਾਂ ਕੀਤੀਆਂ ਅਤੇ 1 ਕਰੋੜ 67 ਲੱਖ ਰੁਪਿਆ ਇਸ

ਨੂੰ ਹੋਰ ਇੰਪਰੂਵ ਕਰਨ ਵਾਸਤੇ ਭੇਜਿਆ, ਜਿਸ ਨਾਲ ਇਸ ਫਾਰਮ ਦੀ ਇਨਕਮ ਲਗਭਗ ਦੁੱਗਣੀ ਹੋ ਜਾਵੇਗੀ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਧੰਨਵਾਦ ਜੀ।

ਕਾਟਨ ਮਿਲ ਜਾਂ ਟੈਕਸਟਾਈਲ ਮਿੱਲ ਲਗਾਉਣਾ

***1766. ਸ੍ਰੀ ਪ੍ਰੇਮ ਮਿੱਤਲ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮਾਨਸਾ ਨੂੰ ਰਾਜ ਦੇ ਕਾਟਨ ਉਪਜਾਊ ਜ਼ਿਲ੍ਹਾ ਹੋਣ ਦੇ ਮੱਦੇ ਨਜ਼ਰ ਇਸ ਨੂੰ ਰਾਜ ਦਾ ਇੰਡਸਟ੍ਰੀਅਲ ਹੱਬ ਬਣਾਉਣ ਹਿੱਤ ਇਥੇ ਕੋਈ ਵੱਡੀ ਕਾਟਨ ਮਿੱਲ ਜਾਂ ਟੈਕਸਟਾਈਲ ਮਿੱਲ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

ਸ਼੍ਰੀ ਮਦਨ ਮੋਹਨ ਮਿੱਤਲ : ਮਾਨਸਾਂ ਜ਼ਿਲ੍ਹੇ ਵਿਚ ਇਕ ਪ੍ਰੋਜੈਕਟ ਕਾਟਨ ਉਦਯੋਗ ਨਾਲ ਸਬੰਧਿਤ ਸਥਾਪਤ ਹੋਣ ਲਈ ਪੰਜਾਬ ਨਿਵੇਸ਼ ਪ੍ਰੋਤਸਾਹਣ ਬਿਊਰੋ ਵਿਚ ਪ੍ਰਕ੍ਰਿਆ ਅਧੀਨ ਹੈ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1.	ਪ੍ਰੋਜੈਕਟ ਦਾ ਨਾਮ	**ਮੈ. ਸਾਹਿਲ ਸਪਿਨਟੈਕਸ**
2.	ਪ੍ਰੋਜੈਕਟ ਦਾ ਪਤਾ	**ਪਿੰਡ ਬੋਹਾ, ਜਿਲਾ ਮਾਨਸਾ**
3.	ਪ੍ਰੋਜੈਕਟ ਦੀ ਕਿਸਮ	**ਕਾਟਨ ਯਾਰਨ ਦਾ ਉਤਪਾਦਨ**
4.	ਪ੍ਰੋਜੈਕਟ ਦੀ ਲਾਗਤ	**49.45 ਕਰੋੜ ਰੁਪਏ**
5.	ਅਨੁਮਾਨਤ ਰੋਜ਼ਗਾਰ	**143**

ਸ਼੍ਰੀ ਪ੍ਰੇਮ ਮਿੱਤਲ : ਧੰਨਵਾਦ ਜੀ।

ਭੁੱਚੋ ਵਿਖੇ ਅਨਾਜ ਮੰਡੀ ਬਣਾਉਣ ਸਬੰਧੀ

***1820. ਸਰਦਾਰ ਅਜਾਇਬ ਸਿੰਘ ਭੱਟੀ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭੁੱਚੋ ਵਿਖੇ ਨਵੀਂ ਅਨਾਜ ਮੰਡੀ ਬਣਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਸੀ ਅਤੇ ਇਸ ਵਾਸਤੇ ਜ਼ਮੀਨ ਪ੍ਰਾਪਤ ਕੀਤੀ ਗਈ ਸੀ। ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਜ਼ਮੀਨ ਲਈ ਕਿਸਾਨਾਂ ਨੂੰ

[ਸਰਦਾਰ ਅਜਾਇਬ ਸਿੰਘ ਭੱਟੀ]

ਮੁਆਵਜ਼ਾ ਵੰਡ ਦਿੱਤਾ ਗਿਆ ਹੈ; ਜੇਕਰ ਵੰਡ ਦਿੱਤਾ ਗਿਆ ਹੈ ਤਾਂ ਅਨਾਜ ਮੰਡੀ ਨੂੰ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ?

ਸਰਦਾਰ ਤੋਤਾ ਸਿੰਘ : ਭੁੱਚੋ ਜ਼ਿਲ੍ਹਾ ਬਠਿੰਡਾ ਵਿਖੇ ਅਨਾਜ ਮੰਡੀ ਲਈ 33 ਏਕੜ 5 ਕਨਾਲ 6 ਮਰਲੇ ਭੌਂ ਪ੍ਰਾਪਤੀ ਦੀ ਕਾਰਵਾਈ ਚਲ ਰਹੀ ਹੈ। ਭੌਂ ਪ੍ਰਾਪਤੀ ਕੁਲੈਕਟਰ ਵੱਲੋਂ ਭੌਂ ਪ੍ਰਾਪਤੀ ਅਵਾਰਡ ਫਾਇਨਲ ਹੋਣ ਉਪਰੰਤ ਇਸ ਭੌਂ ਦੇ ਮਾਲਕਾਂ ਨੂੰ ਮੁਆਵਜਾ ਦਿੱਤਾ ਜਾਵੇਗਾ ਅਤੇ ਉਸ ਉਪਰੰਤ ਮੰਡੀ ਦਾ ਕੰਮ ਲਗਭਗ ਦੋ ਸਾਲ ਵਿੱਚ ਪੂਰਾ ਹੋਣ ਦੀ ਉਮੀਦ ਹੈ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਵਲੋਂ ਜਿਹੜਾ ਜਵਾਬ ਲਿਖਤੀ ਰੂਪ ਵਿੱਚ ਆਇਆ ਹੈ, ਉਸ ਨੂੰ ਮੈਂ ਬੜੇ ਧਿਆਨ ਨਾਲ ਵਿਚਾਰਿਆ ਹੈ, ਜਿਸ ਸਪੀਡ ਨਾਲ ਉਸ ਮੰਡੀ ਨੂੰ ਨਵੀਂ ਮੰਡੀ ਬਣਾਉਣ ਦਾ ਕੰਮ ਚਲ ਰਿਹਾ ਹੈ, ਉਸ ਹਿਸਾਬ ਨਾਲ ਤਾਂ ਮੇਰਾ ਖਿਆਲ ਹੈ ਕਿ ਆਉਂਦੇ 15-20 ਸਾਲਾਂ ਵਿੱਚ ਕੰਮ ਪੂਰਾ ਹੋਣ ਦੀ ਆਸ ਨਹੀਂ ਲਗਦੀ। ਕਿਉਂਕਿ ਡੇਢ ਸਾਲ ਪਹਿਲਾਂ ਲੈਂਡ ਐਕਿਉਜੀਸ਼ਨ ਦੇ ਸਬੰਧ ਵਿੱਚ ਕੁਲੈਕਟਰ ਰੇਟ ਫਿਕਸ ਕਰਨ ਸਬੰਧੀ ਮੀਟਿੰਗ ਹੋਈ ਸੀ, ਇਨ੍ਹਾਂ ਦਾ ਨੋਟਿਸ ਵਗੈਰਾ ਹੋਇਆ ਸੀ, ਉਸ ਤੇ ਕਾਰਵਾਈ ਹੋ ਕੇ ਚਲੀ ਗਈ ਸੀ। ਉਸ ਤੋਂ ਬਾਅਦ ਹੋਰ ਕੋਈ ਕਾਰਵਾਈ ਉਸ ਮੰਡੀ ਵਾਸਤੇ ਅੱਗੇ ਨਹੀਂ ਵਧੀ। ਸਪੀਕਰ ਸਾਹਿਬ, ਦੂਜੀ ਗੱਲ ਮੈਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਤੁਹਾਡੇ ਰਾਹੀਂ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਐਗਜਿਸਟਿੰਗ ਮੰਡੀ ਹੈ, ਉਹ ਮੰਡੀ ਬੜੀ ਤੰਗ ਹੈ। ਇਸ ਮੰਡੀ ਵਿੱਚ ਸੁਵਿਧਾਵਾਂ ਨਾਮ ਦੀ ਕੋਈ ਚੀਜ਼ ਨਹੀਂ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਉਥੇ ਜੋ ਪਹਿਲਾਂ ਟੁਆਲਿਟ ਬਲਾਕ ਬਣਿਆ ਹੋਇਆ ਸੀ, ਪਿਛਲੇ ਦਿਨੀਂ ਪਾਰਲੀਮੈਂਟ ਦੀ ਚੋਣ ਦੌਰਾਨ ਉਥੋਂ ਉਸ ਨੂੰ ਢਾਹ ਕੇ ਖਤਮ ਕਰ ਦਿੱਤਾ ਗਿਆ ਹੈ। ਅੱਜ ਉਥੇ ਲੋਕੀਂ ਤ੍ਰਾਹ-ਤ੍ਰਾਹ ਕਰਦੇ ਹਨ। ਉਥੇ ਪੁਲਿਸ ਕਾਰਵਾਈ ਬਾਰੇ ਵੀ ਕੋਈ ਕਾਰਵਾਈ ਨਹੀਂ ਹੋਈ। ਇਸ ਸਬੰਧੀ ਸ਼ਿਕਾਇਤ ਲਾਂਚ ਹੋਈ, ਪਰਚਾ ਦਰਜ ਹੋਇਆ ਪਰ ਉਸ ਤੇ ਕੋਈ ਕਾਰਵਾਈ ਨਹੀਂ ਹੋਈ।

ਮਾਨਯੋਗ ਸਪੀਕਰ : ਤੁਸੀਂ ਕੁਐਸਚਨ ਦੇ ਸਬੰਧ ਵਿੱਚ ਸਵਾਲ ਕਰੋ। ਤੁਸੀਂ ਨਵੀਂ ਮੰਡੀ ਬਣਾਉਣ ਸਬੰਧੀ ਕੋਈ ਗੱਲ ਕਰੋ। ਇਸ ਤੇ ਆਪਣੀ ਸਪਲੀਮੈਂਟਰੀ ਕਰੋ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਅਜੇ ਨਵੀਂ ਮੰਡੀ ਤਾਂ ਪਤਾ ਨਹੀਂ ਕਦੋਂ ਬਣਨੀ ਹੈ। ਨਵੀਂ ਮੰਡੀ ਦਾ ਕੰਮ ਦੋ ਸਾਲ ਵਿੱਚ ਪੂਰਾ ਹੋਣ ਬਾਰੇ ਤਾਂ ਮੰਤਰੀ ਜੀ ਕਹਿ ਰਹੇ ਹਨ।

ਮਾਨਯੋਗ ਸਪੀਕਰ : ਸਪਲੀਮੈਂਟਰੀ ਕਰੋ।

ਸਰਦਾਰ ਅਜਾਇਬ ਸਿੰਘ ਭੱਟੀ : ਮੈਂ ਇਹ ਕਹਿੰਦਾ ਹਾਂ ਕਿ ਜਦੋਂ ਤੱਕ ਨਵੀਂ ਮੰਡੀ ਹੋਂਦ ਵਿੱਚ ਨਹੀਂ ਆਉਂਦੀ, ਇਸ ਐਗਜਿਸਟਿੰਗ ਮੰਡੀ ਵਿੱਚ ਜਿਹੜੀਆਂ ਸੁਵਿਧਾਵਾਂ ਖਤਮ ਕਰ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਰਿਸਟੋਰ ਕੀਤਾ ਜਾਵੇ ਔਰ ਜਿਨ੍ਹਾਂ ਨੇ ਇਹ ਸੁਵਿਧਾਵਾਂ ਖਤਮ ਕੀਤੀਆਂ ਹਨ, ਉਨ੍ਹਾਂ ਖਿਲਾਫ ਕੋਈ ਬਨਦੀ ਕਾਰਵਾਈ ਕੀਤੀ ਜਾਵੇ।

ਮੰਤਰੀ: ਜਿਥੋਂ ਤੱਕ ਪੁਰਾਣੀ ਮੰਡੀ ਦੀ ਗੱਲ ਹੈ, ਇਹ ਗੱਲ ਤਾਂ ਇਨ੍ਹਾਂ ਨੇ ਮੇਰੇ ਧਿਆਨ ਵਿੱਚ ਨਹੀਂ ਲਿਆਂਦੀ, ਨਾ ਹੀ ਸਵਾਲ ਵਿੱਚ ਇਸ ਬਾਰੇ ਪੁੱਛਿਆ ਗਿਆ ਹੈ। ਇਨ੍ਹਾਂ ਨੇ ਨਵੀਂ ਮੰਡੀ ਬਾਰੇ ਸਵਾਲ ਵਿੱਚ ਪੁੱਛਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਤਿਕਾਰਯੋਗ ਮੁੱਖ ਮੰਤਰੀ ਜੀ ਆਪ ਉਹ ਦਾਨਾ ਮੰਡੀ ਬਣਾਉਣ ਵਿੱਚ ਬਹੁਤ ਦਿਲਚਸਪੀ ਲੈ ਰਹੇ ਹਨ। ਜਿਹੜੀ ਕੀਮਤ ਦੀ ਗੱਲ ਹੈ, ਉਹ ਸਾਰਾ ਕੁਝ ਫਾਈਨਲ ਹੋ ਚੁੱਕਿਆ ਹੈ। ਸਿਰਫ ਅਵਾਰਡ ਹੀ ਸੁਣਾਉਣ ਵਾਲਾ ਰਹਿੰਦਾ ਹੈ। ਥੋੜ੍ਹੇ ਸਮੇਂ ਵਿੱਚ ਹੀ ਇਸ ਦਾ ਅਵਾਰਡ ਸੁਣਾ ਦਿੱਤਾ ਜਾਵੇਗਾ। ਅਵਾਰਡ ਸਬੰਧੀ ਵੀ ਕਿਸਾਨ ਆਪ ਕਾਹਲ਼ੇ ਹਨ ਕਿ ਸਾਨੂੰ ਪੂਰੀ ਕੀਮਤ ਮਿਲ ਰਹੀ ਹੈ, ਮੁੱਖ ਮੰਤਰੀ ਜੀ ਦੀ ਯੋਗ ਕਾਰਵਾਈ ਸਦਕਾ ਜਿਹੜੀ ਨਹਿਰੀ ਜ਼ਮੀਨ ਹੈ, ਜਿਹੜੀ ਮੁੱਢ ਵਿੱਚ ਲਗਦੀ ਹੈ, ਉਸ ਦੀ ਕੀਮਤ 60 ਲੱਖ ਪ੍ਰਤੀ ਏਕੜ ਪਾਈ ਗਈ ਹੈ, ਇਸ ਤੋਂ ਦੁੱਗਣੀ ਬਣ ਕੇ 1 ਕਰੋੜ 20 ਲੱਖ ਰੁਪਿਆ ਕਿਸਾਨਾਂ ਨੂੰ ਮਿਲ ਜਾਣਾ ਹੈ। ਜਿਹੜੀ ਜ਼ਮੀਨ ਦੀ ਦੋ ਤੋਂ ਪੰਜ ਏਕੜ ਦੀ ਮੇਨ ਰੋਡ ਤੋਂ ਵਿੱਥ ਪੈਂਦੀ ਹੈ, ਉਸ ਦੀ 40 ਲੱਖ ਰੁਪਿਆ ਪ੍ਰਤੀ ਏਕੜ ਕੀਮਤ ਪਾਈ ਗਈ ਹੈ, ਇਸ ਦਾ ਦੁੱਗਣਾ ਬਣ ਕੇ 80 ਲੱਖ ਰੁਪਿਆ ਕਿਸਾਨ ਨੂੰ ਮਿਲ ਜਾਣਾ ਹੈ ਅਤੇ ਜਿਹੜੀ ਜ਼ਮੀਨ ਬਿਲਕੁਲ ਲਾਸਟ ਤੇ ਹੈ, ਉਸ ਦੀ ਕੀਮਤ ਕਿਸਾਨ ਨੂੰ 40 ਲੱਖ ਰੁਪਿਆ ਪ੍ਰਤੀ ਏਕੜ ਮਿਲ ਜਾਣੀ ਹੈ। ਮੇਰੇ ਕਹਿਣ ਤੋਂ ਭਾਵ ਹੈ ਕਿ ਲੋਕ ਆਪ ਕਹਿੰਦੇ ਹਨ ਕਿ ਸਾਡੀ ਜ਼ਮੀਨ ਇਸ ਕੰਮ ਵਾਸਤੇ ਲੈ ਲਉ। ਅਵਾਰਡ ਉਨ੍ਹਾਂ ਨੂੰ ਸੁਣਾ

[ਖੇਤੀਬਾੜੀ ਮੰਤਰੀ]

ਦੇਣਾ ਹੈ। ਇਸ ਤੋਂ ਬਾਅਦ ਛੇਤੀ ਹੀ ਕਾਰਵਾਈ ਚਲਾ ਦੇਵਾਂਗੇ, ਸਾਨੂੰ ਆਪ ਫਿਕਰ ਹੈ, ਮੁੱਖ ਮੰਤਰੀ ਸਾਹਿਬ ਬਹੁਤ ਦਿਲਚਸਪੀ ਲੈਂਦੇ ਹਨ ਕਿ ਛੇਤੀ ਹੀ ਉਹ ਮੰਡੀ ਚਲਾਈ ਜਾਵੇ।

ਮਾਨਯੋਗ ਸਪੀਕਰ : ਤੁਹਾਨੂੰ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਤਾਂ ਤਸੱਲੀ ਪ੍ਰਗਟਾਉਂਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ ਜੀ ਵੀ ਉਸ ਤੇ ਦਿਲਚਸਪੀ ਲੈ ਰਹੇ ਹਨ। ਹੁਣ ਜੇ ਇਨ੍ਹਾਂ ਦੀ ਮਨਸ਼ਾ ਹੋ ਗਈ ਹੈ, ਕਾਰਵਾਈ ਹੋ ਜਾਵੇਗੀ । ਦੂਸਰੀ ਗੱਲ, ਮੈਂ ਚਾਹੁੰਦਾ ਹਾਂ ਕਿ ਇਹ ਉਥੇ ਸੁਵਿਧਾਵਾਂ ਬਾਰੇ ਵੀ ਦੱਸ ਦੇਣ ਕਿ ਉਨ੍ਹਾਂ ਨੂੰ ਰਿਸਟੋਰ ਕਰਨਗੇ ਅਤੇ ਜਿਨ੍ਹਾਂ ਨੇ ਇਹ ਸੁਵਿਧਾਵਾਂ ਖਤਮ ਕੀਤੀਆਂ ਹਨ, ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕਰਨਗੇ।

ਮਾਨਯੋਗ ਸਪੀਕਰ : ਸੁਵਿਧਾਵਾਂ ਤਾਂ ਆਪਾਂ ਦੇ ਸਕਦੇ ਹਾਂ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪੁਰਾਣੀ ਮੰਡੀ ਦੀ ਗੱਲ ਕਰ ਰਹੇ ਹਨ। ਉਸ ਬਾਰੇ ਇਹ ਲਿਖ ਕੇ ਦੱਸ ਦੇਣ ਕਿ ਇਹ ਗੱਲ ਹੋਈ ਹੈ, ਉਸ ਬਾਰੇ ਅਸੀਂ ਪੜਤਾਲ ਕਰਵਾ ਲਵਾਂਗੇ।

ਸਰਦਾਰ ਅਜਾਇਬ ਸਿੰਘ ਭੱਟੀ : ਮੈਂ ਹਾਊਸ ਵਿੱਚ ਬੋਲ ਕੇ ਦੱਸ ਰਿਹਾ ਹਾਂ ਜੀ। ਮੈਂ ਝੂਠ ਨਹੀਂ ਬੋਲ ਰਿਹਾ, ਇਸ ਵਾਸਤੇ ਮੈਂ ਜ਼ਿੰਮੇਵਾਰ ਹੋਵਾਂਗਾ। ਜੋ ਕੁਝ ਹੋਇਆ ਹੈ, ਤੁਹਾਡੇ ਸਾਹਮਣੇ ਦੱਸਦਾ ਹਾਂ।

ਮਾਨਯੋਗ ਸਪੀਕਰ : ਤੁਸੀਂ ਲਿਖ ਦੇ ਦੇਣਾ ਜੀ। ਭੱਟੀ ਜੀ, ਇਹ ਸੈਪਰੇਟ ਕੁਐਸਚਨ ਬਣਦਾ ਹੈ, ਇਸ ਬਾਰੇ ਲਿਖ ਕੇ ਦੇ ਦਿਉ। ਸ਼੍ਰੀ ਸੁਨੀਲ ਜਾਖੜ ਜੀ ਦੀ ਥਾਂ ਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਥੋਰਾਈਜ਼ਡ ਹਨ, ਰੰਧਾਵਾ ਜੀ ਤੁਸੀਂ ਅਗਲਾ ਪ੍ਰਸ਼ਨ ਪੁਛੋ ਜੀ।

ਨਗਰ ਕੌਂਸਲ ਦੀ ਜ਼ਮੀਨ ਤੋਂ ਨਜਾਇਜ਼ ਕਬਜ਼ਾ ਹਟਾਉਣਾ

***1859. ਸ਼੍ਰੀ ਸੁਨੀਲ ਜਾਖੜ (ਸਰਦਾਰ ਸੁਖਜਿੰਦਰ ਸਿੰਘ ਵਲੋਂ ਪੇਸ਼ ਕੀਤਾ ਗਿਆ।) :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਬੋਹਰ ਸ਼ਹਿਰ ਵਿਚ ਪੰਜਾਬ ਪੁਲਿਸ ਦੇ ਐਸ.ਪੀ. ਦੀ ਰਿਹਾਇਸ਼ ਦੇ

ਨੇੜੇ ਨਗਰ ਕੌਂਸਲ ਦੀ ਜ਼ਮੀਨ ਤ੍ਰੇ ਨਜਾਇਜ਼ ਕਬਜ਼ੇ ਹੋ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਨਜਾਇਜ਼ ਕਬਜ਼ਾ ਕਰਨ ਵਾਲਿਆਂ ਦੇ ਖਿਲਾਫ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

ਸ਼੍ਰੀ ਅਨਿਲ ਜੋਸ਼ੀ : ਨਗਰ ਕੌਂਸਲ ਅਬੋਹਰ ਵੱਲੋਂ ਸਾਲ 2006 ਵਿਚ ਐਸ.ਪੀ. ਪੰਜਾਬ ਪੁਲਿਸ ਦੀ ਰਿਹਾਇਸ਼ ਦੇ ਸਾਹਮਣੇ ਆਮ ਪਬਲਿਕ ਲਈ ਨਵੀਂ ਸੜਕ ਬਣਾਉਣ ਦੀ ਤਜਵੀਜ਼ ਸੀ। ਇਸ ਤਜਵੀਜ਼ਤ ਸੜਕ ਵਿਚ ਸ਼੍ਰੀ ਗੁਰਦਿੱਤ ਸਿੰਘ ਪੁੱਤਰ ਸ਼੍ਰੀ ਮੰਗਲ ਸਿੰਘ ਦੀ ਜਗ੍ਹਾ 1 ਕਨਾਲ 8 ਮਰਲੇ ਆਉਂਦੀ ਸੀ, ਜੋ ਕਿ ਉਸ ਵੇਲੇ ਦੇ ਕਾਰਜ ਸਾਧਕ ਅਫਸਰ (ਸ਼੍ਰੀ ਦਿਵਾਨ ਚੰਦ ਵਰਮਾ, ਹੁਣ ਮ੍ਰਿਤਕ) ਵੱਲੋਂ ਨਗਰ ਕੌਂਸਲ ਅਬੋਹਰ ਪਾਸੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇਸ ਜਗ੍ਹਾ ਦੇ ਬਦਲੇ 5 ਕਨਾਲ, 10 ਮਰਲੇ ਦੇ ਦਿੱਤੀ ਅਤੇ ਨਗਰ ਕੌਂਸਲ, ਅਬੋਹਰ ਵਲੋਂ ਮਤਾ ਪਾਉਣ ਤੋਂ ਪਹਿਲਾਂ ਹੀ ਰੈਵੀਨਿਊ ਵਿਭਾਗ ਵੱਲੋਂ ਇਸ ਜਗ੍ਹਾ ਦੀ ਮੁਟੇਸ਼ਨ ਸ਼੍ਰੀ ਗੁਰਦਿੱਤ ਸਿੰਘ ਪੁੱਤਰ ਸ਼੍ਰੀ ਮੰਗਲ ਸਿੰਘ ਦੇ ਨਾਂ ਤੇ ਕਰ ਦਿੱਤੀ ਗਈ। ਨਗਰ ਕੌਂਸਲ, ਅਬੋਹਰ ਵੱਲੋਂ ਮਤਾ ਨੰ: 180, ਮਿਤੀ 1.11.2006 ਰਾਹੀਂ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਅਬੋਹਰ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਮਤਾ ਨੰ: 116, ਮਿਤੀ 17.09.2007 ਰਾਹੀਂ ਕੈਂਸਲ ਕਰ ਦਿੱਤਾ ਗਿਆ। ਨਗਰ ਕੌਂਸਲ, ਅਬੋਹਰ ਵੱਲੋਂ ਇਸ ਮੁਟੇਸ਼ਨ ਦੇ ਖਿਲਾਫ ਕੁਲੈਕਟਰ-ਕਮ-ਏ.ਡੀ.ਸੀ. ਫਾਜ਼ਿਲਕਾ ਅਤੇ ਕਮਿਸ਼ਨਰ ਫਿਰੋਜ਼ਪੁਰ ਦੀ ਅਦਾਲਤ ਵਿਚ ਕੇਸ ਦਾਇਰ ਕੀਤੇ ਗਏ ਸਨ ਜੋ ਕਿ ਨਗਰ ਕੌਂਸਲ, ਅਬੋਹਰ ਦੇ ਖਿਲਾਫ ਹੋ ਗਏ ਸਨ, ਹੁਣ ਨਗਰ ਕੌਂਸਲ, ਅਬੋਹਰ ਵੱਲੋਂ ਵਿੱਤੀ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿਖੇ ਇਨ੍ਹਾਂ ਫੈਸਲਿਆਂ ਦੇ ਖਿਲਾਫ ਅਪੀਲ ਦਾਇਰ ਕੀਤੀ ਹੋਈ ਹੈ। ਨਗਰ ਕੌਂਸਲ, ਅਬੋਹਰ ਵੱਲੋਂ ਇਸ ਜਗ੍ਹਾ ਦੇ ਕਬਜ਼ੇ ਨੂੰ ਛੁਡਵਾਉਣ ਲਈ ਸਿਵਲ ਅਦਾਲਤ ਅਤੇ ਸੈਸ਼ਨ ਅਦਾਲਤ ਵਿਖੇ ਕੇਸ ਦਾਇਰ ਕੀਤੇ ਗਏ ਹਨ ਅਤੇ ਇਨ੍ਹਾਂ ਕੇਸਾਂ ਵਿਚ ਵੀ ਨਗਰ ਕੌਂਸਲ ਅਬੋਹਰ ਹਾਰ ਗਈ। ਇਸ ਤੋਂ ਬਾਅਦ ਨਗਰ ਕੌਂਸਲ, ਅਬੋਹਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਖੇ ਆਰ.ਐਸ.ਏ. ਨੰ: 3363 ਆਫ 2012 ਦਾਇਰ ਕੀਤੀ ਹੋਈ ਹੈ, ਜਿਸ ਦੀ ਤਾਰੀਖ ਪੇਸ਼ੀ ਮਿਤੀ 21.05.2015 ਲਈ ਮੁਕੱਰਰ ਹੈ। ਇਸ ਜਗ੍ਹਾ ਦੀ ਮੁਟੇਸ਼ਨ ਹੋਣ ਤੇ ਸ਼੍ਰੀ ਗੁਰਦਿੱਤ ਸਿੰਘ ਵੱਲੋਂ ਤਹਿਸੀਲਦਾਰ, ਅਬੋਹਰ ਪਾਸੋਂ ਕੀਤੀ ਡਿਮਾਰਕੇਸ਼ਨ ਅਨੁਸਾਰ ਕਬਜ਼ਾ ਕਰ ਲਿਆ ਸੀ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 2011 ਵਿਚ ਜਾਖੜ ਸਾਹਿਬ ਨੇ ਸਵਾਲ ਕੀਤਾ ਸੀ ਅਤੇ ਉਸ ਸਮੇਂ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਥੇ ਕੋਈ ਨਜਾਇਜ਼ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ। 01.01.2013 ਨੂੰ ਨਗਰ ਕੌਂਸਲ, ਅਬੋਹਰ ਨੇ ਡੀ.ਸੀ. ਨੂੰ ਨਜਾਇਜ਼ ਕਬਜ਼ੇ ਲਈ ਗੁਰਦਿੱਤ ਸਿੰਘ ਸਪੁੱਤਰ ਮੰਗਲ ਸਿੰਘ ਅਤੇ 1500 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਲਿਖਿਆ ਸੀ। ਪਰ ਇਸ ਤੇ ਕੋਈ ਆਰਡਰ ਨਹੀਂ ਹੋਏ। ਜਿਹੜੀ ਮੁਟੇਸ਼ਨ ਹੋਈ ਹੈ, ਉਸ ਵਿਚ ਤੁਹਾਡੀ ਕਮੇਟੀ ਨੂੰ ਉਨ੍ਹਾਂ ਨੇ ਨਹੀਂ ਬੁਲਾਇਆ, ਜੋ ਕਿ ਸਰਾਸਰ ਗਲਤ ਹੈ। ਦੂਸਰੀ ਚੀਜ਼ ਇਹ ਹੈ ਕਿ ਜਿਹੜੇ ਡੀ.ਸੀ. ਨੇ ਨਿਸ਼ਾਨਦੇਹੀ ਦੇ ਆਰਡਰ ਕੀਤੇ ਸੀ, ਉਹ 125 ਫੁੱਟ ਦੇ ਕੀਤੇ ਸਨ ਪਰ ਜਿਹੜਾ ਕਬਜ਼ਾ ਕੀਤਾ ਗਿਆ ਹੈ, ਉਹ 200 ਫੁੱਟ ਤੇ ਕੀਤਾ ਗਿਆ ਹੈ। ਡਾਇਰੈਕਟਰ ਲੈਂਡ ਰਿਕਾਰਡ ਦੇ ਮੁਤਾਬਿਕ ਇਹ ਫਾਈਲ ਫਿਰੋਜ਼ਪੁਰ ਵਿਖੇ ਹੈ, ਅੱਜ ਵੀ ਉਥੇ ਰਿਕਾਰਡ ਰੂਮ ਵਿਚ ਇਹ ਸਾਰਾ ਰਿਕਾਰਡ ਮੌਜੂਦ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ 1934 ਵਿਚ ਇਹ ਪਾਣੀਆਂ ਵਾਲੀਆਂ ਡਿੱਗਾਂ ਬਣੀਆਂ, 1961 ਵਿਚ 9.5 ਏਕੜ ਜ਼ਮੀਨ ਐਕੁਵਾਇਰ ਕੀਤੀ ਗਈ। ਸਪੀਕਰ ਸਾਹਿਬ, ਥੋੜ੍ਹਾ ਜਿਹਾ ਸਵਾਲ ਲੰਬਾ ਹੈ। ਉਥੇ 100 ਕਰੋੜ ਦੀ ਜ਼ਮੀਨ ਤੇ ਨਜਾਇਜ਼ ਕਬਜ਼ਾ ਹੋਇਆ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਅਸਲੀ ਮਸਲਾ ਤਾਂ ਇਥੇ ਮੁੱਕਦਾ ਹੈ ਕਿ ਹਾਈਕੋਰਟ ਵਿਚ ਰਿੱਟ ਪਈ ਹੋਈ ਹੈ। ਸਰਕਾਰ ਇਸ ਤੇ ਕੁਝ ਨਹੀਂ ਕਰ ਸਕਦੀ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਉਥੇ ਨਜਾਇਜ਼ ਕਬਜ਼ਾ ਨਹੀਂ ਹੋਣ ਦਿਆਂਗਾ।

ਮਾਨਯੋਗ ਸਪੀਕਰ : ਇਸ ਵਿਚ ਡਿਪਟੀ ਸੀ.ਐਮ. ਸਾਹਿਬ ਕੀ ਕਰਨਗੇ। ਇਹ ਤਾਂ ਲੀਗਲ ਐਕਟੀਵਿਟੀ ਹੈ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਡਿਪਾਰਟਮੈਂਟਲ ਇਨਕੁਆਰੀ ਤਾਂ ਹੋ ਸਕਦੀ ਹੈ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 5 ਕਨਾਲ ਤੇ ਕਬਜ਼ਾ ਕੀਤਾ ਗਿਆ ਹੈ, ਉਥੇ ਬਿਲਡਿੰਗਾਂ ਵੀ ਬਣ ਗਈਆਂ ਹਨ ਅਤੇ ਡਿਪਾਰਟਮੈਂਟ ਕੋਲੋਂ ਇਸ ਦੀ ਮਨਜ਼ੂਰੀ ਵੀ ਨਹੀਂ ਲਈ ਗਈ। ਮੈਂ ਇਹ

ਫੋਟੋਆਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਭੇਜ ਦਿੰਦਾ ਹਾਂ। ਇਥੇ ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ ਸਾਹਿਬ ਬੈਠੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਨ੍ਹਾਂ ਨਜਾਇਜ਼ ਕਬਜ਼ਿਆਂ ਦੀ ਇਨਕੁਆਰੀ ਕਰਾਓਗੇ ਅਤੇ ਕਦੋਂ ਤੱਕ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਮਾਮਲਾ ਬਹੁਤ ਸੀਰੀਅਸ ਹੈ। ਕਿਉਂਕਿ ਜਿਹੜੀਆਂ ਦੁਕਾਨਾਂ ਬਣੀਆਂ ਹਨ, ਉਨ੍ਹਾਂ ਦੇ ਬਿਲਡਿੰਗ ਪਲਾਨ ਵੀ ਅਪਰੂਵ ਨਹੀਂ ਕੀਤੇ ਗਏ। ਇਹ ਕੇਸ ਹਾਈਕੋਰਟ ਵਿਚ ਪੈਂਡਿੰਗ ਹੈ। ਮਿਤੀ 1.11.2006 ਨੂੰ ਕਮੇਟੀ ਵੱਲੋਂ ਮਤਾ ਪਾਸ ਕੀਤਾ ਗਿਆ ਸੀ ਫਿਰ 21.06.2007 ਨੂੰ ਇਕਰਾਰਨਾਮਾ ਹੋ ਗਿਆ ਅਤੇ 02.07.2007 ਨੂੰ ਜਗ੍ਹਾ ਦੇ ਤਬਾਦਲੇ ਲਈ ਮਤਾ ਪਾਸ ਕਰ ਦਿੱਤਾ ਗਿਆ। ਮਿਤੀ 27.07.2007 ਨੂੰ ਮੁਟੇਸ਼ਨ ਦੀ ਪ੍ਰਵਾਨਗੀ ਵੀ ਹੋ ਗਈ ਪਰ ਦੋ ਮਹੀਨੇ ਬਾਅਦ ਹੀ 17.09.2007 ਨੂੰ ਮਤਾ ਕੈਂਸਲ ਕਰ ਦਿੱਤਾ ਗਿਆ, ਕਿਉਂਕਿ ਇਹ ਗਲਤ ਹੋਇਆ ਸੀ। ਇਸ ਤੋਂ ਬਾਅਦ ਉਥੇ ਨਜਾਇਜ਼ ਕਬਜ਼ਾ ਹੋ ਗਿਆ। ਇਸ ਵਿਚ ਹੋ ਸਕਦਾ ਹੈ ਕਿ ਡਿਪਾਰਟਮੈਂਟ ਦੀ ਕੋਈ ਗੜਬੜ ਹੋਵੇ। ਮੈਂ ਤਾਂ ਆਪ ਮੰਨਦਾ ਹਾਂ ਕਿ ਇਹ ਬੜਾ ਸੀਰੀਅਸ ਮਾਮਲਾ ਹੈ। ਕਿਉਂਕਿ ਜਿਹੜਾ ਮੇਰੇ ਕੋਲ ਨਕਸ਼ਾ ਹੈ ਕਿ ਇਸ ਵਿਚ ਜਿਹੜੀ ਜਗ੍ਹਾ ਲਈ ਗਈ ਹੈ, ਉਹ 1 ਕਨਾਲ 8 ਮਰਲੇ ਹੈ ਪਰ ਦਿੱਤੀ ਗਈ ਜਗ੍ਹਾ 5 ਕਨਾਲ 8 ਮਰਲੇ ਹੈ। ਸੋ, ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਇਸ ਦੀ ਕੋਈ ਇਨਕੁਆਰੀ ਬਿਠਾ ਦੇਣ, ਕਿਉਂਕਿ ਨਕਸ਼ੇ ਪਾਸ ਨਹੀਂ ਹੋਏ ਅਤੇ ਬਿਲਡਿੰਗ ਬਣ ਗਈ। ਸੋ, ਇਸ ਵਿਚ ਮਿਲੀਭੁਗਤ ਹੋ ਸਕਦੀ ਹੈ। ਸੀ.ਐਮ. ਸਾਹਿਬ ਇਥੇ ਬੈਠੇ ਹਨ। ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਇਸ ਵਿੱਚ ਇਨਕੁਆਰੀ ਚੰਗੇ ਪੱਧਰ ਤੇ ਹੋਣੀ ਚਾਹੀਦੀ ਹੈ। ਇਹ ਮੈਟਰ ਇਕੱਲਾ ਅਬੋਹਰ ਦਾ ਨਹੀਂ ਹੈ। ਇਸ ਤਰ੍ਹਾਂ ਕਾਫੀ ਜਗ੍ਹਾ ਹੈ। ਜੇਕਰ ਇੱਕ ਜਗ੍ਹਾ ਤੇ ਨੱਥ ਪਵੇਗੀ ਤਾਂ ਹੀ ਦੂਸਰੀ ਜਗ੍ਹਾ ਦੇ ਉੱਤੇ ਅਸੀਂ ਇਸ ਨੂੰ ਕੰਟ੍ਰੋਲ ਕਰ ਸਕਦੇ ਹਾਂ। ਮੈਂ ਆਪ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਇਸ ਦੀ ਉਚ ਪੱਧਰ ਇਨਕੁਆਰੀ ਹੋਣੀ ਚਾਹੀਦੀ ਹੈ।

(ਇਸ ਸਮੇਂ ਮਾਨਯੋਗ ਸਰਦਾਰ ਰਣਦੀਪ ਸਿੰਘ ਬੋਲਣ ਲਈ ਸਮਾਂ ਮੰਗ ਰਹੇ ਸਨ)

ਮਾਨਯੋਗ ਸਪੀਕਰ : ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ ਤੁਸੀਂ ਦੱਸੋ। ਨਾਭਾ ਜੀ ਇਸ ਪ੍ਰਸ਼ਨ ਦਾ ਤੁਹਾਡੇ ਨਾਲ ਸਬੰਧ ਨਹੀਂ ਹੈ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਬੜਾ ਵਿਸਥਾਰਪੂਰਵਕ ਦੱਸ ਦਿੱਤਾ ਕਿ ਇਥੇ ਘਪਲੇਬਾਜ਼ੀ ਹੋਈ ਹੈ। ਇਹ ਆਪ ਮੰਨਦੇ ਹਨ ਕਿ ਬਿਲਡਿੰਗਜ਼ ਨਜਾਇਜ਼ ਬਣੀਆਂ ਹਨ, ਉਨ੍ਹਾਂ ਦੇ ਨਕਸ਼ੇ ਵੀ ਪਾਸ ਹੋਏ ਹੋਏ ਹਨ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਮਾਨਯੋਗ ਸਪੀਕਰ ਸਾਹਿਬ ਨੂੰ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਫੋਟੋ ਦਿਖਾ ਰਹੇ ਸਨ)

ਮਾਨਯੋਗ ਸਪੀਕਰ : ਇਹ ਮੈਨੂੰ ਦਿਖਾਉਣ ਦੀ ਲੋੜ ਨਹੀਂ ਹੈ। ਇਹ ਮੰਤਰੀ ਜੀ ਨੂੰ ਦੇ ਦੇਣਾ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਤਾਂ ਸੀ.ਐਮ. ਸਾਹਿਬ ਤੇ ਗੱਲ ਸੁੱਟ ਦਿੱਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੁੱਖ ਮੰਤਰੀ ਸਾਹਿਬ ਇਸ ਦੀ ਇਨਕੁਆਰੀ ਕਰਵਾਉਣਗੇ ਜਾਂ ਕੋਈ ਹਾਊਸ ਦੀ ਕਮੇਟੀ ਬਨਾਉਣਗੇ, ਜਿਹੜੀ ਇੰਨੀ ਵੱਡੀ ਉਥੇ ਘਪਲੇਬਾਜ਼ੀ ਹੋਈ ਹੈ। ਇਸ ਦੇ ਬਾਰੇ ਸੀ.ਐਮ.ਸਾਹਿਬ ਆਪਣਾ ਬਿਆਨ ਦੇਣ।

ਮੁੱਖ ਮੰਤਰੀ : ਦੇਖੋ, ਮੈਨੂੰ ਪੂਰੇ ਫੈਕਟਸ ਦਾ ਪਤਾ ਨਹੀਂ ਹੈ। ਮਨਿਸਟਰ ਸਾਹਿਬ ਆਪਣੇ ਮਹਿਕਮੇ ਦੇ ਇੰਚਾਰਜ ਹਨ, ਉਹ ਜਿਵੇਂ ਮਰਜ਼ੀ ਕਰਨ he is at liberty.

ਸਰਦਾਰ ਸੁਖਜਿੰਦਰ ਸਿੰਘ : ਜੋ ਸੀ.ਐਮ. ਸਾਹਿਬ ਨੇ ਕਿਹਾ ਹੈ, ਉਸ ਬਾਰੇ ਮੈਨੂੰ ਮੰਤਰੀ ਜੀ ਕੋਲੋਂ ਪੁਛ ਤਾਂ ਲੈਣ ਦਿਓ। (ਵਿਘਨ)

ਮਾਨਯੋਗ ਸਪੀਕਰ : ਜਵਾਬ ਆ ਗਿਆ ਹੈ। ਦੇਖੋ, ਗੱਲ ਇਹ ਹੈ ਕਿ ਮਨਿਸਟਰ ਸਾਹਿਬ ਇਨਕੁਆਰੀ ਕਰਵਾ ਲੈਣਗੇ।

ਸਰਦਾਰ ਸੁਖਜਿੰਦਰ ਸਿੰਘ : ਮੰਤਰੀ ਜੀ ਇਹ ਦੱਸਣ ਕਿ ਕੀ ਇਹ ਇਨਕੁਆਰੀ ਕਰਵਾਉਣਗੇ?

ਮਾਨਯੋਗ ਸਪੀਕਰ : ਹਾਂ ਜੀ, ਮਨਿਸਟਰ ਸਾਹਿਬ।

ਮੰਤਰੀ : ਸਪੀਕਰ ਸਾਹਿਬ, ਮੈਂ ਵਿਜੀਲੈਂਸ ਡਿਪਾਰਟਮੈਂਟ ਨੂੰ ਲਿਖ ਕੇ

ਭੇਜ ਦਿੰਦਾ ਹਾਂ, ਉਧਰੋਂ ਇਨਕੁਆਰੀ ਕਰਵਾ ਲਵਾਂਗੇ। (ਥੰਪਿੰਗ)

ਕੰਡੀ ਕੈਨਾਲ ਦੀ ਉਸਾਰੀ ਕਰਨਾ

***1816. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਿਲ੍ਹਾ ਹੁਸ਼ਿਆਰਪੁਰ ਵਿੱਚ ਕੰਡੀ ਕੈਨਾਲ ਦੇ ਦੂਸਰੇ ਪੜਾਅ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਨਹਿਰ ਕਦੋਂ ਤੱਕ ਮੁਕੰਮਲ ਹੋ ਜਾਵੇਗੀ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੰਡੀ ਕੈਨਾਲ ਦੇ ਦੂਸਰੇ ਪੜਾਅ ਦੀ ਉਸਾਰੀ ਦਾ ਕੰਮ ਬੁਰਜੀ 59.500 ਤੋਂ 115.800 ਕਿ.ਮੀ. ਤੱਕ ਮੁਕੰਮਲ ਹੋ ਚੁੱਕਾ ਹੈ ਅਤੇ ਕੈਨਾਲ ਦੇ ਬਾਕੀ ਬਚਦੇ ਹਿੱਸੇ ਬੁਰਜੀ 115.800 ਤੋਂ 129.035 ਕਿ.ਮੀ. ਤੱਕ ਦੀ ਉਸਾਰੀ ਦਾ ਕੰਮ ਫਰਵਰੀ 2016 ਤੱਕ ਫੰਡਾਂ ਦੀ ਉਪਲਬਧਤਾ ਅਨੁਸਾਰ ਮੁਕੰਮਲ ਕਰ ਦਿੱਤਾ ਜਾਵੇਗਾ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀ ਇਹ ਨਹਿਰ ਕੰਪਲੀਟ ਹੋ ਚੁੱਕੀ ਹੈ, ਉਥੋਂ ਦੇ ਕਿਸਾਨਾਂ ਨੂੰ ਕਦੋਂ ਤੱਕ ਪਾਣੀ ਦੇ ਦਿੱਤਾ ਜਾਵੇਗਾ? ਇਹ ਦੱਸਿਆ ਜਾਵੇ।

ਮੰਤਰੀ : ਸਪੀਕਰ ਸਾਹਿਬ, ਬਲਾਚੌਰ ਇਲਾਕੇ ਦੇ ਕਿਸਾਨਾਂ ਵੱਲੋਂ ਜ਼ਮੀਨ ਐਕੁਆਇਰ ਕੀਤੇ ਜਾਣ ਦਾ ਵਿਰੋਧ ਕੀਤਾ ਗਿਆ, ਜਿਸ ਕਾਰਨ ਬੁਰਜੀ 115.800 ਤੋਂ ਟੇਲ ਤੱਕ ਗੜ੍ਹਸ਼ੰਕਰ, ਅਨੰਦਪੁਰ ਸਾਹਿਬ ਸੜਕ ਤੋਂ ਬਲਾਚੌਰ ਤੱਕ ਅੰਡਰਗਰਾਂਉਡ ਪਾਈਪਲਾਈਨ ਪਾ ਕੇ ਨਹਿਰ ਬਣਾਉਣ ਦੇ ਟੈਂਡਰ ਮੰਗੇ ਜਾ ਚੁੱਕੇ ਹਨ ਅਤੇ ਫਰਵਰੀ 2016 ਤੱਕ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਨਹਿਰ ਹੈ, ਇਸ ਨੂੰ 38 ਸਾਲ ਹੋ ਗਏ ਹਨ, ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ ਤੇ ਇਹ ਨਹਿਰ ਜਿੰਨੀ ਬਣ ਚੁੱਕੀ ਹੈ ਉਸ ਨੂੰ ਚਾਲੂ ਕੀਤਾ ਜਾਵੇ, ਕਿਸਾਨਾਂ ਨੂੰ ਪਾਣੀ ਦਿੱਤਾ ਜਾਵੇ। ਸਾਡੇ ਗੜ੍ਹਸ਼ੰਕਰ ਦੇ ਵਿੱਚ ਜਿਹੜੇ ਡੀਪ ਟਿਊਬਵੈੱਲ ਹਨ, ਪਾਣੀ

[ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ]

ਦਾ ਲੈਵਲ ਡਾਊਨ ਹੋਣ ਦੇ ਨਾਲ ਉਹ abandon ਹੋ ਚੁੱਕੇ ਹਨ। ਇਹ ਜਿੰਨੀ ਨਹਿਰ ਬਣ ਚੁੱਕੀ ਹੈ, ਜੇ ਪਾਈਪਲਾਈਨਾਂ ਉਥੇ ਨਹੀਂ ਪਈਆਂ ਤਾਂ ਇਹ ਪਾਣੀ ਖੱਡਾਂ ਦੇ ਵਿੱਚ ਛੱਡ ਦਿੱਤਾ ਤਾਂ ਕਿ ਪਾਣੀ ਸੀਪੇਜ ਵਿੱਚ ਜਾ ਕੇ ਧਰਤੀ ਦਾ ਲੈਵਲ ਅੱਪ ਕਰੇ ਅਤੇ ਸਾਡੇ ਜਿਹੜੇ abandon ਹੋਏ ਟਿਊਬਵੈੱਲ ਹਨ, ਉਹ ਚਲ ਸਕਣ।

ਮੰਤਰੀ : ਸਪੀਕਰ ਸਾਹਿਬ, ਸਾਰੇ ਮਹਿਕਮੇ ਨੂੰ ਬੁਲਾ ਕੇ ਅਤੇ ਮੈਂਬਰ ਸਾਹਿਬ ਨੂੰ ਬੁਲਾ ਕੇ ਜਿਸ ਕਿਸਮ ਦਾ ਅਸੀਂ ਜੋ ਵੀ ਕਰ ਸਕਦੇ ਹਾਂ, ਹਰ ਹਾਲਤ ਵਿੱਚ ਕਰਾਂਗੇ।

ਮਾਨਯੋਗ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਸਵਾਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਬਾਈਪਾਸ ਬਣਾਉਣਾ

***1821. ਸਰਦਾਰ ਅਜਾਇਬ ਸਿੰਘ ਭੱਟੀ :** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦਸਣਗੇ ਕਿ-

(ੳ) ਕੀ ਬਠਿੰਡਾ-ਬਰਨਾਲਾ ਸੜਕ ਤੋਂ ਬਠਿੰਡਾ-ਮਾਨਸਾ ਸੜਕ ਤੱਕ ਬਾਈਪਾਸ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ ਸੀ, ਜੇਕਰ ਸ਼ੁਰੂ ਕਰ ਦਿੱਤਾ ਗਿਆ ਸੀ ਤਾਂ ਉਕਤ ਬਾਈ-ਪਾਸ ਦੀ ਕੁੱਲ ਲੰਬਾਈ ਅਤੇ ਇਸਦੀ ਮੌਜੂਦਾ ਸਥਿਤੀ ਕੀ ਹੈ;

(ਅ) ਕੀ ਉਕਤ ਬਾਈ-ਪਾਸ ਅਜੇ ਵੀ ਅਧੂਰਾ ਹੈ: ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਣ ਹਨ ਅਤੇ ਹੁਣ ਤੱਕ ਇਸ ਉਤੇ ਕੁੱਲ ਕਿੰਨੀ ਰਾਸ਼ੀ ਖਰਚੀ ਗਈ ਅਤੇ ਇਸਨੂੰ ਕਦੋ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਸੁਖਬੀਰ ਸਿੰਘ ਬਾਦਲ (ਉਪ ਮੁੱਖ ਮੰਤਰੀ):(ੳ) ਜੀ ਹਾਂ,

ਬਠਿੰਡਾ-ਬਰਨਾਲਾ ਸੜਕ ਤੋਂ ਬਠਿੰਡਾ-ਮਾਨਸਾ ਸੜਕ ਤੱਕ ਬਾਈਪਾਸ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਬਾਈਪਾਸ ਦੀ ਕੁੱਲ ਲੰਬਾਈ 5.80 ਕਿ:ਮੀ: ਹੈ, ਜਿਸ ਵਿੱਚੋਂ 2.65 ਏਕੜ ਬੀ.ਡੀ.ਏ. ਅਧੀਨ, 1.05 ਕਿ:ਮੀ: ਲੰਬਾ ਟੁੱਕੜਾ ਇੰਪਰੂਵਮੈਂਟ ਟਰੱਸਟ ਬਠਿੰਡਾ ਦੇ ਅਧਿਕਾਰ ਖੇਤਰ ਅਧੀਨ ਹੈ ਅਤੇ 2.10 ਕਿ.ਮੀ. ਲੰਬੇ ਟੁਕੜੇ ਦੀ ਹਾਲੇ ਤੱਕ ਐਕੂਜੀਸ਼ਨ ਕੀਤੀ ਜਾਣੀ ਬਾਕੀ ਹੈ।

ਇੰਪਰੂਵਮੈਂਟ ਟਰੱਸਟ ਦੀ ਜ਼ਮੀਨ ਵਿੱਚੋਂ 0.53 ਕਿ:ਮੀ: ਦੇ ਟੁਕੜੇ ਤੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਉਸਾਰੀ ਤੇ ਰੋਕ ਲਗਾਈ ਗਈ ਹੈ। ਬੀ.ਡੀ. ਏ. ਦੇ 2.65 ਕਿ.ਮੀ ਲੰਬੇ ਟੁੱਕੜੇ ਵਿੱਚੋਂ ਲਗਭਗ 164 ਮੀਟਰ ਲੰਬੇ ਟੁੱਕੜੇ ਜਿਸ ਦਾ ਰਕਬਾ 2.46 ਏਕੜ ਹੈ, ਦੀ ਐਕੂਜੀਸ਼ਨ ਮਾਨਯੋਗ ਹਾਈ ਕੋਰਟ ਵੱਲੋਂ ਕੁਐਸ਼ ਕੀਤੀ ਗਈ ਹੈ।

(ਅ) ਜੀ ਹਾਂ, ਉਕਤ ਬਾਈ-ਪਾਸ ਦੀ ਉਸਾਰੀ ਹਾਲਾਂ ਤੱਕ ਮੁਕੰਮਲ ਨਹੀਂ ਹੋਈ ਹੈ। ਜਿਸ ਦੇ ਕਾਰਨ ਉਕਤ ਪੈਰਾ 'ੳ' ਵਿੱਚ ਬਿਆਨ ਕਰ ਦਿੱਤੇ ਗਏ ਹਨ। ਇਸ ਬਾਈ-ਪਾਸ ਉੱਪਰ ਹੁਣ ਤੱਕ ਬੀ.ਡੀ.ਏ. ਵੱਲੋਂ ਆਪਣੇ ਹਿੱਸੇ ਦੀ ਉਸਾਰੀ ਤੇ 313.65 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ। ਇਸ ਨੂੰ ਪੂਰਾ ਕਰਨ ਦੀ ਮਿਤੀ ਮਾਨਯੋਗ ਸੁਪਰੀਮ ਕੋਰਟ ਦੇ ਅੰਤਿਮ ਫੈਸਲੇ, ਸਟੇਅ ਹੁਕਮਾਂ ਦੀ ਵਕੇਸ਼ਨ ਅਤੇ ਬਾਕੀ ਰਹਿੰਦੀ ਭੌਂ ਦੀ ਐਕੂਜੀਸ਼ਨ ਤੇ ਨਿਰਭਰ ਕਰਦੀ ਹੈ।

ਸਿਧਵਾਂ ਕੈਨਾਲ ਤੇ ਨਵਾਂ ਪੁਲ ਬਣਾਉਣਾ

***1875. ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਬੀਰਮੀ ਅਤੇ ਈਸੇਵਾਲ ਵਿਚਕਾਰ ਸਿਧਵਾਂ ਕੈਨਾਲ ਤੇ ਬਣਾਏ ਗਏ ਨਵੇਂ ਪੁਲ ਤੋਂ ਕਿਸੇ ਵੀ ਪਾਸੇ ਨੂੰ ਨਾ ਤਾਂ ਕੋਈ ਰਸਤਾ ਹੈ ਅਤੇ ਨਾ ਹੀ ਉਸ ਦੇ ਨੇੜੇ ਕੋਈ ਪਿੰਡ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨੇ ਇਹ ਪੁਲ ਕਿਸ ਕੰਮ ਲਈ ਬਣਾਇਆ ਹੈ ਅਤੇ ਇਸ ਦੇ ਨਾਲ ਆਮ ਲੋਕਾਂ ਨੂੰ ਕੀ ਸਹੂਲਤ ਪ੍ਰਾਪਤ ਹੋਈ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਪਿੰਡ ਬੀਰਮੀ ਅਤੇ ਈਸੇਵਾਲ ਵਿਚਕਾਰ ਸਿੱਧਵਾਂ ਕੈਨਾਲ ਤੇ ਇਸ ਮਹਿਕਮੇ ਜਾਂ ਕਿਸੇ ਹੋਰ ਮਹਿਕਮੇ ਵੱਲੋਂ ਕੋਈ ਨਵਾਂ ਪੁੱਲ ਨਹੀ ਬਣਾਇਆ ਗਿਆ ਹੈ। ਪ੍ਰੰਤੂ ਇਸ ਮਹਿਕਮੇ ਵੱਲੋਂ ਪਿੰਡ ਈਸੇਵਾਲ ਦੇ ਲਹਿੰਦੇ ਪਾਸੇ ਤਕਰੀਬਨ 2.00 ਕਿ.ਮੀ. ਦੀ ਦੂਰੀ ਸਿੱਧਵਾਂ ਕੈਨਾਲ ਉਪਰ ਸਾਲ 2011-12 ਦੌਰਾਨ ਇੱਕ ਨਵਾਂ ਪੁਲ ਬਣਾਇਆ ਗਿਆ ਸੀ। ਇਹ ਪੁਲ ਗਲਤ ਬਣਿਆ ਹੈ ਪਰ ਕਿਨ੍ਹਾਂ ਹਲਾਤਾਂ ਵਿੱਚ ਅਤੇ ਕਿਉਂ ਇਹ ਪੁਲ ਬਣਾਇਆ ਗਿਆ, ਇਸ ਸਬੰਧੀ ਵਿਜੀਲੈਂਸ ਇਨਕੁਆਰੀ ਕਰਵਾਈ ਜਾ ਰਹੀ ਹੈ। ਇਨਕੁਆਰੀ ਦੀ ਰਿਪੋਰਟ ਆਉਣ ਤੇ ਲੋੜੀਂਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1874**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।

ਮਿਉਂਸਪਲ ਕੌਂਸਲ ਦੀਨਾਨਗਰ ਦੀ ਹੱਦਬੰਦੀ ਕਰਨਾ

***1797. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮਿਉਂਸਪਲ ਕੌਂਸਲ ਦੀਨਾ ਨਗਰ ਦੇ ਹਰ ਇੱਕ ਵਾਰਡ ਦੀ ਹੱਦਬੰਦੀ ਦੀਆਂ ਅਨੁਸੂਚੀਆਂ ਨਕਸ਼ੇ ਦੀ ਪਰਵਾਨਿਤ ਨਿਸ਼ਾਨਦੇਹੀ ਅਨੁਸਾਰ ਅਧਿਸੂਚਿਤ ਕੀਤੀਆਂ ਗਈਆ ਹਨ;

(ਅ) ਮਿਊਂਸਪਲ ਕੌਂਸਲ ਦੀ ਹੱਦਬੰਦੀ ਦੇ ਸਮੇਂ ਹਰ ਇੱਕ ਵਾਰਡ ਦੀ ਜਨ-ਸੰਖਿਆ ਦਾ ਅੰਕੜਾ ਕੀ ਹੈ ਅਤੇ ਹਰ ਇੱਕ ਵਾਰਡ ਵਿੱਚ ਸ਼ਾਮਲ ਵੋਟਰਾਂ ਦੀ ਗਿਣਤੀ ਕਿੰਨੀ ਹੈ?

ਸ਼੍ਰੀ ਅਨਿਲ ਜੋਸ਼ੀ: (ੳ) ਹਾਂ ਜੀ।

(ਅ) ਹਰ ਇੱਕ ਵਾਰਡ ਦੀ ਜਨਸੰਖਿਆ ਦਾ ਅੰਕੜਾ ਨਾਲ ਨੱਥੀ ਅਨੁਲੱਗ ਵਿਚ ਦਰਸਾਇਆ ਗਿਆ ਹੈ।

"ਅਨੁਲੱਗ"

ਨਗਰ ਕੌਂਸਲ, ਦੀਨਾਨਗਰ ਦੀ ਵਾਰਡਾਂ ਦੀ ਜਨਸੰਖਿਆ, ਅਨੁਸੂਚਿਤ ਜਾਤੀਆ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਜਨਸੰਖਿਆ ਦੇ ਨਾਲ-ਨਾਲ ਅਨੁਸੂਚਿਤ

**For Starred Question No. 1874 and reply thereto please see Appendix to this Debates.

ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਤੇ ਔਰਤਾਂ ਲਈ ਰਾਖਵਾਂ ਕੀਤੇ ਵਾਰਡਾਂ ਦੇ ਨੰਬਰ ਦਰਸਾਉਂਦੀ ਸੂਚੀ

ਵਾਰਡ ਨੰਬਰ	ਕੁੱਲ ਜਨਸੰਖਿਆ	ਅਨੁਸੂਚਿਤ ਜਾਤੀਆਂ ਦੀ ਜਨਸੰਖਿਆ	ਪੱਛੜੀਆਂ ਸ਼੍ਰੇਣੀਆਂ ਦੀ ਜਨਸੰਖਿਆ	ਆਮ ਜਨਸੰਖਿਆ	ਸੀਟਾਂ ਦਾ ਰਾਖਵਾਂਕਰਨ
1	1438	244	303	891	ਔਰਤਾਂ ਲਈ ਰਾਖਵਾਂ
2	1665	293	385	987	
3	1663	222	419	1022	
4	1615	829	170	616	
5	1755	910	170	675	ਅਨੁਸੂਚਿਤ ਜਾਤੀਆਂ ਲਈ ਰਾਖਵਾਂ
6	1744	1099	142	503	ਅਨੁਸੂਚਿਤ ਜਾਤੀਆਂ ਲਈ ਰਾਖਵਾਂ
7	1700	1055	387	258	ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ ਰਾਖਵਾਂ
8	1503	842	147	514	
9	1488	883	130	475	ਅਨੁਸੂਚਿਤ ਜਾਤੀਆਂ ਲਈ ਰਾਖਵਾਂ
10	1537	453	123	961	ਔਰਤਾਂ ਲਈ ਰਾਖਵਾਂ
11	1756	876	181	699	ਅਨੁਸੂਚਿਤ ਜਾਤੀਆਂ ਲਈ ਰਾਖਵਾਂ
12	1435	399	228	808	
13	1656	367	386	903	ਔਰਤਾਂ ਲਈ ਰਾਖਵਾਂ
14	1662	361	651	650	ਪੱਛੜੀਆਂ ਸ਼੍ਰੇਣੀਆਂ ਲਈ ਰਾਖਵਾਂ
15	1512	203	403	906	
ਕੁੱਲ ਜੋੜ	**24129**	**9036**	**4225**	**10868**	

ਹੜ੍ਹਾਂ ਕਾਰਣ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ

***1822 . ਸਰਦਾਰ ਸੁਖਜਿੰਦਰ ਸਿੰਘ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਹਾਲ ਹੀ ਵਿੱਚ ਆਏ ਹੜ੍ਹਾਂ ਦੇ ਦੌਰਾਨ ਘਣੀਏ ਕੇ ਬੇਟ (ਗੁਰਦਾਸਪੁਰ) ਵਿਖੇ ਰਾਵੀ ਦਰਿਆ ਤੇ ਧੁੱਸੀ ਬੰਨ੍ਹ ਵਿਚ ਪਏ ਪਾੜ੍ਹ ਨੂੰ ਭਰ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਣ ਹਨ;

(ਅ) ਇਸ ਪਾੜ ਕਾਰਣ ਮਕਾਨ ਮਾਲਕਾਂ ਅਤੇ ਕਿਸਾਨਾਂ ਨੂੰ ਹੋਏ ਨੁਕਸਾਨ ਲਈ ਅਦਾ ਕੀਤੇ ਗਏ ਮੁਆਵਜੇ ਦੇ ਵੇਰਵੇ ਕੀ ਹਨ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: (ੳ) ਜੀ ਨਹੀਂ। ਜ਼ਿਲ੍ਹਾ ਗੁਰਦਾਸਪੁਰ ਦੇ ਅਧੀਨ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੇ ਪਿੰਡ ਘਣੀਏ ਕੇ ਬੇਟ ਨੇੜੇ ਪੈਂਦੇ ਦਰਿਆ ਰਾਵੀ ਦੇ ਸੱਜੇ ਪਾਸੇ ਜੋ ਬੰਨ੍ਹ ਬਣਿਆ ਹੋਇਆ ਹੈ, ਉਹ ਅਸਲ ਵਿੱਚ ਮਾਰਜਨਲ ਬੰਨ੍ਹ ਹੈ ਅਤੇ ਸਾਲ 2014 ਦੀਆਂ ਬਰਸਾਤਾਂ ਦੌਰਾਨ ਇਸ ਵਿੱਚ ਪਾੜ ਪੈ ਪਿਆ ਸੀ, ਜਿਸ ਨੂੰ ਅਜੇ ਤੱਕ ਪੂਰਿਆ ਨਹੀਂ ਜਾ ਸਕਿਆ। ਇਸ ਕੰਮ ਨੂੰ ਫਲੱਡ ਸੀਜ਼ਨ 2015 ਤੋਂ ਪਹਿਲਾਂ ਪੂਰਾ ਕਰਨ ਦੀ ਤਜਵੀਜ਼ ਹੈ। ਇਸ ਨੂੰ ਕਰਵਾਉਣ ਲਈ ਸਟੇਟ ਡਿਜ਼ਾਸਟਰ ਰਿਸਪੌਂਸ ਫੰਡ (ਐਸ.ਡੀ.ਆਰ. ਐਫ.) ਅਧੀਨ 30.00 ਲੱਖ ਰੁਪਏ ਦੀ ਰਾਸ਼ੀ ਦੀ ਮੰਗ ਕੀਤੀ ਗਈ ਹੈ। ਫੰਡਜ਼ ਉਪਲਬੱਧ ਹੋਣ ਤੇ ਇਹ ਕੰਮ ਕਰਵਾ ਦਿੱਤਾ ਜਾਵੇਗਾ।

(ਅ) ਡਿਪਟੀ ਕਮਿਸ਼ਨਰ, ਗੁਰਦਾਸਪੁਰ ਵੱਲੋਂ ਤਿਆਰ ਕੀਤੀ ਅਸੈਸਮੈਂਟ ਰਿਪੋਰਟ ਮੁਤਾਬਿਕ 32 ਮਕਾਨਾਂ ਅਤੇ 172 ਏਕੜ 2 ਕਨਾਲ 7 ਮਰਲੇ ਫਸਲਾਂ ਦਾ ਨੁਕਸਾਨ ਹੋਇਆ ਹੈ, ਜਿਸ ਦੀ ਰਾਸ਼ੀ ਕ੍ਰਮਵਾਰ ਰੁਪਏ 73600/- ਅਤੇ 8,61,469/- ਰੁਪਏ ਬਣਦੀ ਹੈ। ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫਤਰ ਦੀ ਰਿਪੋਰਟ ਅਨੁਸਾਰ ਫੰਡਜ਼ ਪ੍ਰਵਾਨ ਹੋ ਚੁੱਕੇ ਹਨ, ਲੇਕਿਨ ਖਜ਼ਾਨਾ ਦਫ਼ਤਰ ਵੱਲੋਂ ਜਾਰੀ ਨਹੀਂ ਹੋਏ। ਫੰਡਜ਼ ਜਾਰੀ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ, ਪ੍ਰਾਪਤ ਹੋਣ ਤੇ ਅਦਾਇਗੀ ਕਰ ਦਿੱਤੀ ਜਾਵੇਗੀ।

ਹਲਕਾ ਬਠਿੰਡਾ ਵਿੱਚ ਪੈਂਦੇ ਪੁਲਾਂ ਨੂੰ ਚੌੜਾ ਕਰਨਾ

***1870. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਵਿੱਚ ਲਸਾੜਾ ਡ੍ਰੇਨ ਤੇ ਪੈਂਦੇ ਪੰਜਾਹ ਸਾਲ ਪਹਿਲਾਂ ਬਣੇ ਪੁਲ ਪਿੰਡ ਕੋਟਫੱਤੇ ਕੋਲ ਬਠਿੰਡਾ ਤੋਂ ਮਾਨਸਾ ਰੋਡ, ਪਿੰਡ ਮਛਾਣਾ ਕੋਲ ਬਠਿੰਡਾ ਤੋਂ ਡੱਬਵਾਲੀ ਰੋਡ ਅਤੇ ਪਿੰਡ ਡੂਮਵਾਲੀ ਕੋਲ ਬਠਿੰਡਾ ਤੋਂ ਡੱਬਵਾਲੀ ਕਾਫੀ ਤੰਗ ਹੋਣ ਕਾਰਨ ਟ੍ਰੈਫਿਕ ਵਿੱਚ ਵਿਘਨ ਪੈਂਦਾ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਪੁਲਾਂ ਨੂੰ ਸੜਕਾਂ ਅਤੇ ਟ੍ਰੈਫਿਕ ਦੀ ਸਮਰੱਥਾ ਮੁਤਾਬਕ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

ਲੋਕ ਨਿਰਮਾਣ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) : ਸ਼੍ਰੀਮਾਨ ਜੀ, ਬਠਿੰਡਾ ਡੱਬਵਾਲੀ ਸੜਕ ਜੋ ਕਿ ਇੱਕ ਨੈਸ਼ਨਲ ਹਾਈਵੇ ਹੈ ਤੇ ਲਸਾੜਾ ਡ੍ਰੇਨ ਉੱਪਰ ਪਿੰਡ ਮਛਾਣਾ ਅਤੇ ਡੂਮਵਾਲੀ ਤੇ ਬਣੇ ਮੌਜੂਦਾ ਦੋਨੋ ਤੰਗ ਪੁਲਾਂ ਨੂੰ 6.70 ਮੀਟਰ ਤੋਂ 12.90 ਮੀਟਰ ਚੌੜਾ ਕਰਕੇ ਬਣਾਉਣ ਦਾ ਅਨੁਮਾਨ ਭਾਰਤ ਸਰਕਾਰ ਦੇ ਸੜਕ ਅਤੇ ਪਰਵਿਹਨ ਮੰਤਰਾਲੇ ਵਲੋਂ 1209.92 ਲੱਖ ਦਾ ਮਿਤੀ 01.01.2015 ਮਨਜ਼ੂਰ ਹੋਇਆ ਹੈ ਅਤੇ ਇਸ ਕੰਮ ਲਈ ਟੈਂਡਰ ਪ੍ਰਾਪਤ ਹੋ ਗਏ ਹਨ। ਇਨ੍ਹਾਂ ਪੁਲਾਂ ਦਾ ਕੰਮ ਠੇਕੇਦਾਰ ਨੂੰ ਅਲਾਟ ਹੋਣ ਉਪਰੰਤ ਪੰਦਰਾਂ ਮਹੀਨੇ ਵਿੱਚ ਮੁਕੰਮਲ ਹੋ ਜਾਵੇਗਾ। ਇਸੇ ਤਰ੍ਹਾਂ ਬਠਿੰਡਾ ਤੋਂ ਮਾਨਸਾ ਸੜਕ ਤੋਂ ਪੈਂਦੇ ਪਿੰਡ ਕੋਟਫੱਤੇ ਵਿੱਚ ਲਸਾੜਾ ਡ੍ਰੇਨ ਉੱਤੇ ਬਣੇ ਪੁਲ ਨੂੰ 7.40 ਮੀਟਰ ਤੋਂ 17 ਮੀਟਰ ਚਾਰ ਮਾਰਗੀ ਚੌੜਾ ਕਰਨ ਦੀ ਤਜਵੀਜ਼ ਵਿਸ਼ਵ ਬੈਂਕ ਸਕੀਮ ਅਧੀਨ ਮਨਜ਼ੂਰ ਹੋ ਚੁੱਕੀ ਹੈ ਅਤੇ ਇਸ ਦਾ ਅਨੁਮਾਨ ਤਿਆਰ ਕੀਤਾ ਜਾ ਰਿਹਾ ਹੈ। ਅਨੁਮਾਨ ਦੀ ਮਨਜ਼ੂਰੀ ਉਪਰੰਤ ਇਹ ਪੁਲ ਪੰਦਰਾਂ ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ।

RULING BY THE SPEAKER

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਮੈਂ ਕੋਈ ਹੋਰ ਗੱਲ ਕਰਾਂ, ਮੈਂ ਇੱਕ ਬੇਨਤੀ ਜ਼ਰੂਰ ਕਰ ਦੇਣੀ ਚਾਹੁੰਦਾ ਹਾਂ। ਮੇਰੇ ਲਈ ਵੀ ਬੜਾ ਮੁਸ਼ਕਲ ਹੁੰਦਾ ਹੈ ਕਿ ਸਵਾਲਾਂ ਦੇ ਜਵਾਬ ਮੈਨੂੰ ਵੀ ਇੱਥੇ ਆਉਣ ਤੱਕ ਨਹੀਂ ਮਿਲਦੇ। ਇਸ ਕਰਕੇ ...(ਵਿਘਨ)... ਮੇਰੀ ਬੇਨਤੀ ਸੁਣ ਲਵੋ। ਇਸ ਕਰਕੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ...(ਵਿਘਨ)... ਇਹ ਕੋਈ ਜ਼ੀਰੋ ਆਵਰ ਨਹੀਂ ਹੈ। ਮੈਂ ਵੇਖਿਆ ਹੈ ਕਿ ਮਨਿਸਟਰ ਸਾਹਿਬ ਹੁਣ ਜਵਾਬ ਦੇ ਰਹੇ ਹਨ ...(ਵਿਘਨ)...

[ਮਾਨਯੋਗ ਸਪੀਕਰ]

(ਸ਼ੋਰ).. Silence please.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਪਹਿਲਾਂ ਮੇਰੀ ਗੱਲ ਸੁਣ ਲਵੋ। ਇਹ ਤੁਹਾਡਾ ਕੰਮ ਨਹੀਂ ਹੈ। ਇਹ ਤੁਹਾਡਾ ਬਿਜ਼ਨਸ ਨਹੀਂ ਹੈ। ਮੈਂ ਵੇਖਿਆ ਹੈ ਕਿ ਜਿਹੜਾ ਢਿੱਲੋਂ ਸਾਹਿਬ ਨੇ ਜਵਾਬ ਦੇਣਾ ਸੀ, ਉਹ ਵੀ ਹੁਣ ਦਿੱਤਾ ਜਾ ਰਿਹਾ ਹੈ। ਇਸ ਕਰਕੇ ਮੈਂ ਸਬੰਧਤ ਅਫ਼ਸਰਾਂ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਵੀ ਪ੍ਰਸ਼ਨ ਹੁੰਦਾ ਹੈ, ਜਿੱਥੇ ਮੈਨੂੰ ਇੱਕ ਰਾਤ ਪਹਿਲਾਂ ਪਹੁੰਚਣਾ ਚਾਹੀਦਾ ਹੈ, ਉਥੇ ਮੈਂ ਚਾਹੁੰਦਾ ਹਾਂ ਕਿ ਬਾਕੀ ਸਾਰਿਆਂ ਨੂੰ ਵੀ ਪਹਿਲਾਂ ਪਹੁੰਚਣੇ ਚਾਹੀਦੇ ਹਨ। ਸਵਾਲਾਂ ਦੇ ਜਵਾਬ ਮੰਤਰੀਆਂ ਨੂੰ ਵੀ ਪਹਿਲਾਂ ਪਹੁੰਚਣੇ ਚਾਹੀਦੇ ਹਨ ਤਾਂ ਕਿ ਉਹ ਪੂਰੀ ਤਿਆਰੀ ਨਾਲ ਜਵਾਬ ਦੇ ਸਕਣ। ਮੈਂਬਰਾਂ ਨੂੰ ਵੀ ਸਮੇਂ ਸਿਰ ਜਵਾਬ ਮਿਲਣੇ ਚਾਹੀਦੇ ਹਨ ਤਾਂ ਕਿ ਉਹ ਵੀ ਸਹੀ ਤਰੀਕੇ ਨਾਲ ਸਵਾਲ ਪੁੱਛ ਸਕਣ। ਇਸ ਤਰ੍ਹਾਂ ਚੰਗਾ ਨਹੀਂ ਲੱਗਦਾ ਕਿ ਮੰਤਰੀ ਨੇ ਜਵਾਬ ਦੇਣਾ ਹੈ ਅਤੇ ਉਸੇ ਸਮੇਂ ਹੀ ਮੰਤਰੀ ਕੋਲ ਜਵਾਬ ਪਹੁੰਚੇ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ)

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਇੱਕ ਮਿੰਟ ਬੋਲ ਲੈਣ ਦਿਉ।

ਮਾਨਯੋਗ ਸਪੀਕਰ : ਨਹੀਂ ਜੀ ਨਹੀਂ, ਪ੍ਰਸ਼ਨ ਖਤਮ ਹੋ ਗਏ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਮੈਂ ਤੁਹਾਡੇ ਤੋਂ ਪਹਿਲਾਂ ਕਹਿ ਦਿੱਤਾ ਹੈ। I understand the problem. (ਸ਼ੋਰ) ਹੁਣ ਤੁਹਾਡੇ ਕਹਿਣ ਦੀ ਜ਼ਰੂਰਤ ਨਹੀਂ ਹੈ, ਬੈਠ ਜਾਉ।

PRESENTATION OF THE BUDGET ESTIMATES FOR THE YEAR 2015-16

ਮਾਨਯੋਗ ਸਪੀਕਰ : ਵਿੱਤ ਮੰਤਰੀ, ਸਰਦਾਰ ਪਰਮਿੰਦਰ ਸਿੰਘ ਢੀਂਡਸਾ

ਸਾਲ 2015-16 ਲਈ ਬਜਟ ਅਨੁਮਾਨ ਪੇਸ਼ ਕਰਨ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :

ਮਾਨਯੋਗ ਸਪੀਕਰ ਸਾਹਿਬ,

ਇਸ ਅਜ਼ੀਮ ਸਦਨ ਦੇ ਸਾਹਮਣੇ ਸਾਲ 2015-16 ਦਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਦਾ ਲਗਾਤਾਰ ਚੌਥਾ ਬਜਟ ਪੇਸ਼ ਕਰਦਿਆਂ ਮੈਨੂੰ ਫ਼ਖ਼ਰ ਮਹਿਸੂਸ ਹੋ ਰਿਹਾ ਹੈ।

2. ਸਮੁੱਚੇ ਵਿਸ਼ਵ ਵਿਚ ਇਹ ਉਮੀਦ ਬਣੀ ਹੋਈ ਹੈ ਕਿ ਕੇਂਦਰ ਵਿਚ ਐਨ.ਡੀ.ਏ ਸਰਕਾਰ ਵੱਲੋਂ ਸ਼ੁਰੂ ਕੀਤੇ ਆਰਥਿਕ ਸੁਧਾਰਾਂ ਦੀ ਬਦੌਲਤ ਭਾਰਤ ਨਵੇਂ ਯੁੱਗ ਵਿਚ ਪ੍ਰਵੇਸ਼ ਕਰ ਚੁੱਕਿਆ ਹੈ। ਆਈ.ਐੱਮ.ਐੱਫ਼ ਅਤੇ ਵਿਸ਼ਵ ਬੈਂਕ ਦੇ ਤਾਜ਼ਾ ਸਰਵੇਖਣ ਮੁਤਾਬਿਕ ਭਾਰਤ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਆਰਥਿਕਤਾ ਦੀ ਰਾਹ ਉੱਤੇ ਪੈ ਗਿਆ ਹੈ। ਕੌਮੀ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਮੁੱਖ ਭਾਈਵਾਲ ਬਣਦਿਆਂ ਹੋਇਆਂ ਪੰਜਾਬ ਦੀ ਆਪਣੀ ਆਰਥਿਕਤਾ ਨੂੰ ਉਪਰ ਲਿਆਉਣ ਦਾ ਇਹ ਇਕ ਵਿਸ਼ੇਸ਼ ਮੌਕਾ ਹੈ। ਮੇਰਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਬਹੁਤ ਹੀ ਸਤਿਕਾਰਯੋਗ ਸ੍ਰ. ਪਰਕਾਸ਼ ਸਿੰਘ ਬਾਦਲ ਜੀ ਦੀ ਸਰਪ੍ਰਸਤੀ ਅਤੇ ਨਿਧੜਕ ਆਗੂ ਸ੍ਰ. ਸੁਖਬੀਰ ਸਿੰਘ ਬਾਦਲ ਜੀ ਦੀ ਰਹਿਨੁਮਾਈ ਵਿਚ, ਕੇਂਦਰ ਵਿਚਲੀ ਐਨ. ਡੀ.ਏ. ਸਰਕਾਰ ਦੇ ਸੁਧਾਰ ਪੱਖੀ ਸੋਚ ਦੀ ਬਦੌਲਤ ਪੰਜਾਬ ਦੀ ਆਰਥਿਕਤਾ ਵਿਚ ਆਸ ਦੀ ਇਕ ਨਵੀਂ ਕਿਰਨ ਪੈਦਾ ਹੋਵੇਗੀ।

3. ਇਹ ਬਜਟ 14ਵੇਂ ਵਿੱਤ ਕਮਿਸ਼ਨ ਦੁਆਰਾ ਸਪੁਰਦਗੀਆਂ ਵਿਚ ਕੀਤੇ ਗਏ ਵਾਧੇ ਅਤੇ ਕੇਂਦਰੀ ਯੋਜਨਾਵਾਂ ਦੇ ਬਜਟ ਵਿਚ ਕਮੀ ਦੇ ਪ੍ਰਸੰਗ ਵਿਚ ਤਿਆਰ ਕੀਤਾ ਗਿਆ ਹੈ। ਮੇਰੇ ਦੁਆਰਾ ਸਾਲ 2015-16 ਦੇ ਪੇਸ਼ ਕੀਤੇ ਜਾ ਰਹੇ ਬਜਟ ਵਿਚ ਚੁੱਕੇ ਗਏ ਕਦਮ ਅਤੇ ਦਰਸਾਈਆਂ ਗਈਆਂ ਨੀਤੀਆਂ ਸਾਡੀ ਸਰਕਾਰ ਦੀ ਉਸ ਵਚਨਬੱਧਤਾ ਨੂੰ ਪ੍ਰਗਟ ਕਰਦੀਆਂ ਹਨ ਜਿਹੜੀਆਂ ਕਿ ਰਾਜ ਦੀ ਆਰਥਿਕਤਾ ਨੂੰ ਨਿਰੰਤਰ ਵਿਕਾਸ ਦੇ ਰਾਹ ਉੱਤੇ ਪਾਉਣਗੀਆਂ ਅਤੇ ਜਿਨ੍ਹਾਂ ਦਾ ਸਮੁੱਚਾ ਲਾਭ ਸਮਾਜ ਦੇ ਸਾਰੇ ਵਰਗਾਂ ਨੂੰ ਮਿਲੇਗਾ। ਇਹ ਬਜਟ ਰਾਜ ਨੂੰ

[ਵਿੱਤ ਮੰਤਰੀ]

ਵਿੱਤੀ ਮਜਬੂਤੀ, ਉਦਯੋਗਿਕ ਤਰੱਕੀ, ਖੇਤੀਬਾੜੀ ਖੇਤਰ ਵਿਚ ਸੁਧਾਰ ਅਤੇ ਸਮੂਹਿਕ ਵਿਕਾਸ ਵੱਲ ਲੈ ਕੇ ਜਾਂਦਾ ਹੈ। ਜਦੋਂ ਅਸੀਂ ਪੰਜਾਬ ਦੇ ਆਰਥਿਕ ਵਿਕਾਸ ਦੀ ਰੂਪ-ਰੇਖਾ ਉਲੀਕਦੇ ਹਾਂ ਤਾਂ ਸਾਡੇ ਸਾਹਮਣੇ ਉਹ ਸਾਰੀਆਂ ਚੁਣੌਤੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਰਾਜ ਸਾਹਮਣਾ ਕਰ ਰਿਹਾ ਹੈ, ਜਿਵੇਂ ਕਿ ਨਸ਼ਾਖੋਰੀ, ਬਾਲੜੀਆਂ ਦੀ ਘਟ ਜਨਮ ਦਰ, ਕੈਂਸਰ ਦੇ ਵੱਧਦੇ ਕੇਸ, ਵਿੱਤੀ ਔਕੜਾਂ ਅਤੇ ਨੌਜਵਾਨਾਂ ਵਿਚਲੀ ਬੇਰੁਜ਼ਗਾਰੀ। ਸਰਕਾਰ ਪੁਰਜ਼ੋਰ ਯਤਨ ਕਰ ਰਹੀ ਹੈ ਕਿ ਇਹਨਾਂ ਚੁਣੌਤੀਆਂ ਉੱਤੇ ਕਾਬੂ ਪਾਇਆ ਜਾ ਸਕੇ। ਕੇਂਦਰ ਦੀ ਯੋਗ ਸਹਾਇਤਾ ਨਾਲ ਨਿਸ਼ਚੇ ਹੀ ਅਸੀਂ ਥੋੜ੍ਹੇ ਸਮੇਂ ਵਿਚ ਇਨ੍ਹਾਂ ਮੁਸ਼ਕਿਲਾਂ ਉਤੇ ਕਾਬੂ ਪਾਉਣ ਵਿਚ ਕਾਮਯਾਬ ਹੋ ਸਕਾਂਗੇ।

4. ਸਾਲ 2012-13, 2013-14 ਅਤੇ 2014-15 ਦੇ ਬਜਟ ਪੇਸ਼ ਕਰਦਿਆਂ ਮੈਂ ਕੁਝ ਵਾਅਦੇ ਕੀਤੇ ਸਨ। ਸਾਡੀ ਸਰਕਾਰ ਨੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਅਮਲ ਵਿਚ ਲਿਆਂਦਾ ਹੈ। ਜਦੋਂ ਕਿ ਬਾਕੀ ਰਹਿੰਦਿਆਂ ਉਪਰ ਵੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਵਿਭਾਗਾਂ ਦੀਆਂ ਬਜਟ ਤਜਵੀਜ਼ਾਂ ਸਬੰਧੀ ਵਿਚਾਰ-ਵਟਾਂਦਰਾ ਕਰਦਿਆਂ ਹੋਇਆਂ ਮੈਂ ਇਹਨਾਂ ਉਪਰ ਰੌਸ਼ਨੀ ਪਾਵਾਂਗਾ। ਸ਼੍ਰੀਮਾਨ ਸਪੀਕਰ ਸਾਹਿਬ, ਹੁਣ ਮੈਂ ਰਾਜ ਦੇ ਆਰਥਿਕ ਅਤੇ ਮਾਲੀ ਮਾਪਦੰਡਾਂ ਸਬੰਧੀ ਕੁਝ ਵਿਸਥਾਰ ਵਿਚ ਜ਼ਿਕਰ ਕਰਾਂਗਾ।

ਆਰਥਿਕ ਵਿਕਾਸ

5. ਚਾਲੂ ਵਿੱਤੀ ਸਾਲ (2014-15) ਵਿਚ ਅਗੇਤੇ ਅਨੁਮਾਨਾਂ ਅਨੁਸਾਰ ਪੰਜਾਬ ਦਾ ਜੀ.ਐੱਸ.ਡੀ.ਪੀ. 10.16 ਫ਼ੀਸਦ ਦੀ ਦਰ ਨਾਲ ਵਧਣ ਦਾ ਅਨੁਮਾਨ ਹੈ। ਸਾਲ 2013-14 ਦੌਰਾਨ ਸਥਿਰ ਕੀਮਤਾਂ ਤੇ ਜੀ.ਐੱਸ.ਡੀ.ਪੀ. 4.74 ਫ਼ੀਸਦ ਦੀ ਕੌਮੀ ਵਾਧਾ ਦਰ ਦੇ ਮੁਕਾਬਲੇ 5.73 ਫ਼ੀਸਦ ਦੀ ਦਰ ਨਾਲ ਵਧਿਆ ਹੈ। ਵਰਤਮਾਨ ਕੀਮਤਾਂ ਉੱਤੇ ਰਾਜ ਦੀ ਪ੍ਰਤੀ ਜੀਅ ਆਮਦਨ ਸਾਲ 2013-14 ਵਿਚ 92,350 ਰੁਪਏ ਤੋਂ ਵੱਧ ਕੇ 2014-15 ਵਿਚ (ਅਗੇਤੇ ਅਨੁਮਾਨਾਂ ਅਨੁਸਾਰ) 99,578 ਰੁਪਏ ਦਾ ਅਨੁਮਾਨ ਲਗਾਇਆ ਗਿਆ ਹੈ।

ਵਿੱਤੀ ਮਜ਼ਬੂਤੀ

6. ਸੀਮਿਤ ਸਰੋਤਾਂ ਦੀ ਉਚਿਤ ਵਰਤੋਂ ਦੁਆਰਾ ਵਿਕਾਸ ਵਿਚ ਪ੍ਰਗਤੀ ਲਿਆਉਣ ਲਈ ਅਤੇ ਅੰਤਰ ਪੀੜ੍ਹੀ ਇਨਸਾਫ਼ ਲਈ ਵਿੱਤੀ ਸੰਜਮ ਅਤਿਅੰਤ

ਮਹੱਤਵਪੂਰਣ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕ ਰਹੀ ਹੈ ਕਿ ਸੀਮਤ ਸਾਧਨਾਂ ਵਿਚ ਰਹਿੰਦੇ ਹੋਏ ਆਪਣੇ ਕਰਜ਼ ਅਤੇ ਘਾਟੇ ਦੀ ਸਥਿਤੀ ਨੂੰ ਕਾਬੂ ਵਿਚ ਰੱਖਿਆ ਜਾਵੇ। ਵਿੱਤੀ ਸੂਚਕ ਪੇਸ਼ ਕਰਨ ਤੋਂ ਪਹਿਲਾਂ ਮੈਂ ਇਸ ਸਦਨ ਨੂੰ ਇਹ ਦੱਸਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ 14ਵੇਂ ਵਿੱਤ ਕਮਿਸ਼ਨ ਨੇ ਆਪਣੀਆਂ ਸਿਫ਼ਾਰਸ਼ਾਂ ਵਿਚ ਕੇਂਦਰੀ ਕਰਾਂ ਵਿਚ ਪੰਜਾਬ ਦੇ ਹਿੱਸੇ ਨੂੰ 1.389 ਫ਼ੀਸਦ ਤੋਂ ਵਧਾ ਕੇ 1.577 ਫ਼ੀਸਦ ਕਰ ਦਿੱਤਾ ਹੈ। (ਥੰਪਿੰਗ) ਮੈਂ ਇਸ ਅਜ਼ੀਮ ਸਦਨ ਨਾਲ ਇਹ ਗੱਲ ਸਾਂਝੀ ਕਰਨ ਵਿਚ ਵੀ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ 14ਵੇਂ ਵਿੱਤ ਕਮਿਸ਼ਨ ਨੇ ਸਾਡੀ ਸਰਕਾਰ ਦੁਆਰਾ ਕੀਤੇ ਯਤਨਾਂ ਦੀ ਬਦੌਲਤ ਰਾਜ ਦੇ ਵਿੱਤੀ ਸੁਧਾਰ ਨੂੰ ਸਵੀਕਾਰ ਕੀਤਾ ਹੈ ਅਤੇ ਰਾਜ ਨੂੰ ਮਾਲੀ ਘਾਟਾ ਗ੍ਰਾਂਟ ਦੇ ਲੋੜਵੰਦ ਰਾਜਾਂ ਦੀ ਸੂਚੀ ਵਿਚੋਂ ਕੱਢ ਦਿੱਤਾ ਹੈ।

7. ਹੁਣ ਮੈਂ ਵਿੱਤੀ ਮਜ਼ਬੂਤੀ ਦੀ ਪ੍ਰਾਪਤੀ ਵਿਚ ਰਾਜ ਵੱਲੋਂ ਪ੍ਰਾਪਤ ਕੀਤੀ ਸਫ਼ਲਤਾ ਬਾਰੇ ਜ਼ਿਕਰ ਕਰਾਂਗਾ। ਪੰਜਾਬ 13ਵੇਂ ਵਿੱਤ ਕਮਿਸ਼ਨ ਅਤੇ ਐੱਫ਼. ਆਰ.ਬੀ.ਐੱਮ. ਐਕਟ ਦੁਆਰਾ ਨਿਰਧਾਰਤ ਕੀਤੇ ਵਿੱਤੀ ਟੀਚਿਆਂ ਤੋਂ ਅੱਗੇ ਹੈ। ਰਾਜ ਨੇ ਸਾਲ 2006-07 ਵਿਚ ਵਿੱਤੀ ਘਾਟਾ ਰਾਜ ਦੇ ਕੁਲ ਘਰੇਲੂ ਉਤਪਾਦ ਦੇ 3.45 ਫ਼ੀਸਦ ਤੋਂ ਘਟਾ ਕੇ ਸਾਲ 2013-14 ਵਿਚ ਜੀ.ਐੱਸ.ਡੀ.ਪੀ. ਦਾ 2.77 ਫ਼ੀਸਦ ਉਤੇ ਲਿਆਂਦਾ ਹੈ ਅਤੇ 2014-15 ਵਿਚ ਵੀ 13ਵੇਂ ਵਿੱਤ ਕਮਿਸ਼ਨ ਦੇ 3.0 ਫ਼ੀਸਦ ਦੇ ਟੀਚੇ ਤੋਂ ਹੇਠਾਂ ਹੈ। ਸਾਲ 2015-16 ਲਈ (ਬਜਟ ਅਨੁਮਾਨ) ਰਾਜ ਸਰਕਾਰ ਦਾ ਵਿੱਤੀ ਘਾਟਾ ਜੀ. ਐੱਸ. ਡੀ. ਪੀ. ਦਾ 2.98 ਫ਼ੀਸਦ ਅਨੁਮਾਨਿਆ ਗਿਆ ਹੈ।

8. ਰਾਜ ਦੀਆਂ ਸਾਰਥਕ ਕੋਸ਼ਿਸ਼ਾਂ ਸਦਕਾ ਕਰਜ਼ ਸੀਮਿਤ ਹੱਦਾਂ ਵਿਚ ਰੱਖਿਆ ਗਿਆ ਹੈ ਜੋ ਕਿ ਕਰਜ਼ ਅਤੇ ਜੀ.ਐੱਸ.ਡੀ.ਪੀ. ਦੇ ਤੇਜ਼ੀ ਨਾਲ ਘੱਟ ਰਹੇ ਅਨੁਪਾਤ ਤੋਂ ਪਤਾ ਲੱਗਦਾ ਹੈ। ਸਾਲ 2014-15 ਵਿਚ ਰਾਜ ਦਾ ਕਰਜ਼ ਅਤੇ ਜੀ.ਐੱਸ.ਡੀ.ਪੀ. ਅਨੁਪਾਤ 32.24 ਫ਼ੀਸਦ ਸੀ ਜਿਹੜਾ ਕਿ 13ਵੇਂ ਵਿੱਤ ਕਮਿਸ਼ਨ ਵਲੋਂ ਇਸ ਸਾਲ ਲਈ ਨਿਰਧਾਰਤ 38.7 ਫ਼ੀਸਦ ਦੇ ਟੀਚੇ ਤੋਂ ਹੇਠਾਂ ਆ ਗਿਆ ਸੀ। ਸਾਲ 2015-16 ਦੌਰਾਨ ਰਾਜ ਦੇ ਕਰਜ਼ ਅਤੇ ਜੀ.ਐੱਸ.ਡੀ.ਪੀ. ਅਨੁਪਾਤ 31.34 ਫ਼ੀਸਦ ਅਨੁਮਾਨਿਆ ਗਿਆ ਹੈ।

9. ਪੰਜਵੇਂ ਪੰਜਾਬ ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅਮਲ ਵਿਚ

[ਵਿੱਤ ਮੰਤਰੀ]

ਲਿਆਉਣਾ ਰਾਜ ਸਰਕਾਰ ਲਈ ਇਕ ਗੰਭੀਰ ਚੁਣੌਤੀ ਰਹੀ ਹੈ ਜਿਸ ਦੀ ਬਦੌਲਤ ਰਾਜ ਸਰਕਾਰ ਦੀਆਂ ਤਨਖ਼ਾਹਾਂ ਤੇ ਪੈਨਸ਼ਨਾਂ ਲਈ ਨਿਸ਼ਚਿਤ ਖ਼ਰਚੇ ਵਿਚ ਭਾਰੀ ਵਾਧਾ ਹੋਇਆ ਹੈ। ਜਿਵੇਂ ਕਿ ਮੈਂ ਆਪਣੇ ਭਾਸ਼ਣ ਵਿਚ ਅੱਗੇ ਪੇਸ਼ ਕਰਾਂਗਾ, ਸਰਕਾਰ ਦੇ ਨਿਰੰਤਰ ਯਤਨਾਂ ਦੀ ਬਦੌਲਤ ਰਾਜ ਦਾ ਆਪਣਾ ਕਰ ਮਾਲੀਆ ਜੀ. ਐੱਸ. ਡੀ. ਪੀ. ਦੇ ਅਨੁਪਾਤ ਨਾਲ ਅਤੇ ਗ਼ੈਰ ਕਰ ਮਾਲੀਆ ਵੀ ਪਿਛਲੇ ਵਰ੍ਹਿਆਂ ਵਿਚ ਕਾਫ਼ੀ ਵਧਿਆ ਹੈ। ਪਰੰਤੂ ਕੇਂਦਰੀ ਕਰਾਂ ਵਿਚ ਪੰਜਾਬ ਦੇ ਘਟਦੇ ਹਿੱਸੇ ਨੇ ਰਾਜ ਉਪਰ ਕਾਫ਼ੀ ਬੋਝ ਪਾਇਆ ਸੀ। ਆਸ ਹੈ ਕਿ ਹੁਣ 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੀ ਬਦੌਲਤ ਇਸ ਸਥਿਤੀ ਵਿਚ ਕੁਝ ਸੁਧਾਰ ਹੋਵੇਗਾ, ਕਿਉਂਕਿ ਕੇਂਦਰੀ ਕਰਾਂ ਵਿਚ ਪੰਜਾਬ ਦੇ ਹਿੱਸੇ ਵਿਚ ਵਾਧਾ ਹੋਇਆ ਹੈ, ਹਾਲਾਂਕਿ ਕੇਂਦਰੀ ਸਕੀਮਾਂ ਵਿਚ ਘਾਟੇ ਕਰਕੇ ਨੁਕਸਾਨ ਵੀ ਹੋਵੇਗਾ।

10. ਆਪਣੀਆਂ ਖ਼ਰਚਾ ਜ਼ਰੂਰਤਾਂ ਦੀ ਪੂਰਤੀ ਲਈ ਆਪਣੇ ਕਰ ਮਾਲੀਏ ਦੀ ਮਹੱਤਤਾ ਨੂੰ ਮਹਿਸੂਸ ਕਰਦਿਆਂ ਰਾਜ ਨੇ ਆਪਣੇ ਕਰ ਮਾਲੀਏ ਵਿਚ ਵਾਧਾ ਕਰਨ ਲਈ ਨਿਰੰਤਰ ਯਤਨ ਕੀਤੇ ਹਨ ਜਿਸ ਦੇ ਨਤੀਜੇ ਵਜੋਂ ਸਾਲ 2007-08 ਅਤੇ 2014-15 (ਸੋਧੇ ਅਨੁਮਾਨ) ਦੇ ਦਰਮਿਆਨ ਰਾਜ ਨੇ ਆਪਣੇ ਕਰ ਮਾਲੀਏ ਵਿਚ 16 ਫ਼ੀਸਦ ਦੀ ਦਰ ਨਾਲ ਵਾਧਾ ਕੀਤਾ ਹੈ।

11. ਪਿਛਲੇ ਸਾਲਾਂ ਵਿਚ ਸਰਕਾਰ ਦੁਆਰਾ ਕੀਤੇ ਖ਼ਰਚ ਦੀ ਗੁਣਵੱਤਾ ਵਿਚ ਵੀ ਸੁਧਾਰ ਹੋਇਆ ਹੈ ਜੋ ਕਿ ਰਾਜ ਸਰਕਾਰ ਦੇ ਵਿਕਾਸ ਖ਼ਰਚ ਦੇ ਕੁਲ ਖ਼ਰਚ ਨਾਲ ਵਧਦੇ ਅਨੁਪਾਤ ਤੋਂ ਪਤਾ ਲੱਗਦਾ ਹੈ। ਸਾਲ 2013-14 ਦੌਰਾਨ ਰਾਜ ਦਾ ਵਿਕਾਸ ਖ਼ਰਚ ਕੁਲ ਖ਼ਰਚ ਦਾ 52.24 ਫ਼ੀਸਦ ਸੀ ਜੋ ਕਿ ਸਾਲ 2014-15 ਵਿਚ (ਸੋਧੇ ਅਨੁਮਾਨ) ਅਨੁਸਾਰ ਠੋਸ ਰੂਪ ਵਿਚ ਵਧ ਕੇ 55.39 ਫ਼ੀਸਦ ਹੋਇਆ ਹੈ। ਸਾਲ 2015-16 (ਬਜਟ ਅਨੁਮਾਨ) ਲਈ ਰਾਜ ਦੇ ਕੁੱਲ ਖ਼ਰਚ ਨਾਲ ਵਿਕਾਸ ਖ਼ਰਚ ਦਾ ਅਨੁਪਾਤ 55.60 ਫ਼ੀਸਦ ਤੱਕ ਜਾਣ ਦੀ ਉਮੀਦ ਹੈ।ਇਸ ਤੋਂ ਇਲਾਵਾ ਸਾਲ 2013-14 ਵਿਚ ਰਾਜ ਸਰਕਾਰ ਦੇ ਪੂੰਜੀਗਤ ਖ਼ਰਚ 2200.61 ਕਰੋੜ ਰੁਪਏ ਤੋਂ ਵੱਧ ਕੇ ਸਾਲ 2014-15 ਵਿਚ 3948.28 ਕਰੋੜ ਰੁਪਏ ਅਰਥਾਤ 79 ਫ਼ੀਸਦ ਦਾ ਮਹੱਤਵਪੂਰਨ ਵਾਧਾ ਹੋਇਆ ਹੈ।

12. ਸੈਕਟਰਵਾਰ ਬਜਟ ਉਪਬੰਧਾਂ ਦੇ ਵੇਰਵੇ ਦੇਣ ਤੋਂ ਪਹਿਲਾਂ ਮੈਂ ਸ਼ੁਰੂ ਵਿਚ ਹੀ ਸਾਲ 2015-16 ਲਈ ਸਾਡੀ ਸਰਕਾਰ ਵਲੋਂ ਕੀਤੀਆਂ ਕੁਝ ਮੁੱਖ ਨਵੀਆਂ

ਪਹਿਲਕਦਮੀਆਂ ਦਾ ਜ਼ਿਕਰ ਕਰਨਾ ਚਾਹਾਂਗਾ। "ਸਰਬੱਤ ਦੇ ਭਲੇ" ਵਾਲੀ ਵਿਚਾਰਧਾਰਾ ਨੇ ਸਾਡੇ ਸਮਾਜ ਦੇ ਸਮੁੱਚੇ ਵਰਗਾਂ ਦੇ ਸਮੂਹਿਕ ਵਿਕਾਸ ਲਈ ਇਹ ਸਕੀਮਾਂ ਬਣਾਉਣ ਦੀ ਸਾਨੂੰ ਪ੍ਰੇਰਨਾ ਦਿੱਤੀ ਹੈ।

ਸੁਚੱਜਾ ਰਾਜ ਪ੍ਰਬੰਧ

13. ਸ਼੍ਰੀਮਾਨ ਜੀ, ਮੈਂ ਇਹ ਦੱਸਣ ਵਿਚ ਫ਼ਖਰ ਮਹਿਸੂਸ ਕਰ ਰਿਹਾ ਹਾਂ ਕਿ ਸਾਡੀ ਸਰਕਾਰ ਦੇ ਉਦਮੀ ਯਤਨਾਂ ਨੇ ਪੰਜਾਬ ਨੂੰ ਈ-ਗਵਰਨੈਂਸ ਪਹਿਲਕਦਮੀਆਂ ਅਮਲ ਵਿਚ ਲਿਆਉਣ ਵਾਲਾ ਮੋਹਰੀ ਸੂਬਾ ਬਣਾਇਆ ਹੈ। (ਥੰਪਿੰਗ) ਅਜਿਹੀ ਇਕ ਵਿਲੱਖਣ ਪਹਿਲਕਦਮੀ ਨਾਗਰਿਕ ਸੇਵਾ ਪ੍ਰਦਾਨ ਕਰਨ ਲਈ ਸੇਵਾ ਕੇਂਦਰਾਂ ਦੀ ਸਥਾਪਤੀ ਕਰਨਾ ਹੈ। (ਥੰਪਿੰਗ) "ਸਰਕਾਰ ਲੋਕਾਂ ਦੇ ਦਰਾਂ ਉੱਤੇ" ਵਾਲੀ ਸਾਡੀ ਵਚਨਬੱਧਤਾ ਦੀ ਪੂਰਤੀ ਲਈ ਅਸੀਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਏਕੀਕ੍ਰਿਤ ਸੇਵਾ ਕੇਂਦਰਾਂ ਦੀ ਸਥਾਪਤੀ ਕਰ ਰਹੇ ਹਾਂ। ਨਾਗਰਿਕਾਂ ਨੂੰ ਉਹਨਾਂ ਦੇ ਦਰਾਂ ਉੱਤੇ 50 ਸੇਵਾਵਾਂ ਮੁਹੱਈਆ ਕਰਵਾਉਣ ਲਈ ਇਸ ਸਾਲ 2,174 ਸੇਵਾ ਕੇਂਦਰ ਸਥਾਪਿਤ ਕੀਤੇ ਜਾਣਗੇ। ਅਗਲੇ ਪੜਾਅ ਵਿਚ ਇਹਨਾਂ ਸੇਵਾ ਕੇਂਦਰਾਂ ਤੋਂ ਹੀ 200 ਹੋਰ ਸੇਵਾਵਾਂ ਉਪਲਬਧ ਕਰਵਾਈਆਂ ਜਾਣਗੀਆਂ। ਇਸ ਉਦੇਸ਼ ਲਈ 500 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। (ਥੰਪਿੰਗ)

ਖੇਤੀਬਾੜੀ

14. ਪੰਜਾਬ ਰਾਜ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀਬਾੜੀ ਹੈ ਜੋ ਰਾਜ ਦੀ 60 ਫ਼ੀਸਦ ਆਬਾਦੀ ਤੋਂ ਵੀ ਵਧੇਰੇ ਲੋਕਾਂ ਨੂੰ ਉਪਜੀਵਕਾ ਮੁਹੱਈਆ ਕਰਦਾ ਹੈ। ਰਾਜ ਸਰਕਾਰ ਖੇਤੀਬਾੜੀ ਉਪਰ ਲਗਾਤਾਰ ਵਿਸ਼ੇਸ਼ ਜ਼ੋਰ ਅਤੇ ਕਿਸਾਨਾਂ ਦੀ ਆਮਦਨ ਵਿਚ ਬਿਹਤਰੀ ਲਿਆ ਕੇ ਇਸ ਖੇਤਰ ਵਿਚਲੇ ਵਿਕਾਸ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਮੈਂ, ਅੰਮ੍ਰਿਤਸਰ ਵਿਖੇ ਬਾਗਬਾਨੀ ਖੋਜ ਅਤੇ ਸਿੱਖਿਆ ਸਬੰਧੀ ਪੋਸਟ ਗ੍ਰੈਜੂਏਟ ਸੰਸਥਾ ਸਥਾਪਿਤ ਕਰਨ ਲਈ ਕੇਂਦਰ ਸਰਕਾਰ ਦੀ ਬਜਟ ਘੋਸ਼ਣਾ ਦੀ ਸ਼ਲਾਘਾ ਕਰਦਾ ਹਾਂ। ਮੈਂ ਇਹ ਉਮੀਦ ਕਰਦਾ ਹਾਂ ਕਿ ਇਸ ਸੰਸਥਾ ਦੀ ਸਥਾਪਨਾ ਨਾਲ ਪੰਜਾਬ ਬਾਗਬਾਨੀ ਖੋਜ ਦੇ ਖੇਤਰ ਵਿਚ ਇਕ ਮੋਹਰੀ ਸੂਬਾ ਬਣੇਗਾ ਅਤੇ ਰਾਜ ਵਿਚ ਫ਼ਸਲੀ ਵਿਭਿੰਨਤਾ ਦੀ ਪ੍ਰਕਿਰਿਆ ਨਵੀਆਂ ਉਚਾਈਆਂ ਨੂੰ ਛੂਹੇਗੀ।

15. ਪੰਜਾਬ ਦੇ ਖੇਤੀਬਾੜੀ ਅਤੇ ਸਬੰਧਤ ਖੇਤਰਾਂ ਦੇ ਵਿਕਾਸ ਵਿਚ ਸਹਿਕਾਰੀ ਸਭਾਵਾਂ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ। ਸਹਿਕਾਰੀ ਖੰਡ

[ਵਿੱਤ ਮੰਤਰੀ]

ਮਿੱਲਾਂ ਨੇ ਗੰਨੇ ਅਧੀਨ ਖੇਤਰ ਵਿਚ ਵਾਧਾ ਕਰਕੇ ਰਾਜ ਦੀ ਫ਼ਸਲੀ ਵਿਭਿੰਨਤਾ ਵਿਚ ਯੋਗਦਾਨ ਪਾਇਆ ਹੈ। ਖੰਡ ਦੀਆਂ ਮੌਜੂਦਾ ਗਿਰ ਰਹੀਆਂ ਕੀਮਤਾਂ ਨੇ ਖੰਡ ਸਹਿਕਾਰੀ ਸਭਾਵਾਂ ਲਈ ਵਿੱਤੀ ਸੰਕਟ ਪੈਦਾ ਕਰਕੇ ਅਤੇ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕਰਨ ਵਿਚ ਮੁਸ਼ਕਿਲਾਂ ਪੈਦਾ ਕੀਤੀਆਂ ਹਨ। ਇਸ ਲਈ ਗੰਨਾ ਉਤਪਾਦਕਾਂ ਨੂੰ ਸਮੇਂ ਸਿਰ ਅਦਾਇਗੀ ਕਰਨ ਲਈ ਖੰਡ ਸਹਿਕਾਰੀ ਸਭਾਵਾਂ ਦੀ ਸਹਾਇਤਾ ਲਈ 600 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। (ਥੰਪਿੰਗ) ਕੇਂਦਰੀ ਸਹਿਕਾਰੀ ਬੈਂਕਾਂ ਦੇ ਮੁੜ ਪੂੰਜੀਕਰਨ ਲਈ ਵੀ 80 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਤਾਂ ਜੋ ਖੇਤੀਬਾੜੀ ਲਈ ਕਰਜ਼ ਦੇਣ ਸਬੰਧੀ ਉਹਨਾਂ ਨੂੰ ਹੋਰ ਮਜਬੂਤ ਬਣਾਇਆ ਜਾ ਸਕੇ।

ਉਦਯੋਗ

16. ਸ਼੍ਰੀਮਾਨ ਜੀ, ਰਾਜ ਵਿਚ ਉਤਪਾਦਨ ਸੈਕਟਰ ਦੇ ਸਮੁੱਚੇ ਵਿਕਾਸ ਵਿਚ ਮਾਈਕਰੋ ਅਤੇ ਛੋਟੇ ਦਰਜੇ ਦੇ ਉਦਮਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪੰਜਾਬ ਵਿਚ ਮਾਈਕਰੋ ਅਤੇ ਛੋਟੇ ਦਰਜੇ ਦੇ ਉਦਮਾਂ ਦੀ ਮਹੱਤਵਪੂਰਨ ਮੌਜੂਦਗੀ ਹੈ ਜੋ ਕਿ ਵਾਧੇ ਅਤੇ ਸਮੂਹਿਕ ਵਿਕਾਸ ਲਈ ਤਾਕਤਵਾਰ ਇੰਜਣ ਹਨ। ਇਹ ਯੂਨਿਟ ਵੱਡੇ ਪੱਧਰ ਤੇ ਪੈਦਾ ਕੀਤੇ ਗਏ ਰੁਜ਼ਗਾਰ ਦੇ ਮੌਕਿਆਂ ਸਦਕਾ ਵਧਾਈ ਦੇ ਪਾਤਰ ਹਨ। ਮਾਈਕਰੋ ਅਤੇ ਛੋਟੇ ਉਦਮੀਆਂ ਨੂੰ ਦਰਪੇਸ਼ ਵਿੱਤੀ ਮੁਸ਼ਕਲਾਂ ਨੂੰ ਘੱਟ ਕਰਨ ਲਈ ਮੈਂ ਇਕ "ਉੱਦਮ ਵਿਕਾਸ ਪ੍ਰੋਗਰਾਮ" ਸ਼ੁਰੂ ਕਰਨ ਦੀ ਤਜਵੀਜ਼ ਕਰਦਾ ਹਾਂ। ਇਸ ਪ੍ਰੋਗਰਾਮ ਅਧੀਨ ਪੰਜ ਕਰੋੜ ਰੁਪਏ ਦੇ ਨਿਵੇਸ਼ ਤੱਕ ਦੇ ਮਾਈਕਰੋ ਅਤੇ ਛੋਟੇ ਉਦਮਾਂ ਦੀ ਸਥਾਪਤੀ ਲਈ ਲਏ ਗਏ ਕਰਜ਼ ਤੇ 3 ਫ਼ੀਸਦੀ ਦੀ ਦਰ ਨਾਲ ਮਦਦ ਬਤੌਰ ਵਿਆਜ ਸਬਵੈਂਸ਼ਨ ਦੇ ਦਿੱਤੀ ਜਾਵੇਗੀ। (ਥੰਪਿੰਗ) ਚਾਲੂ ਮਾਲੀ ਸਾਲ ਵਿਚ ਇਸ ਸਕੀਮ ਲਈ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

17. ਪਿਛਲੇ ਕੁਝ ਸਮੇਂ ਤੋਂ ਪੈਦਾ ਹੋਏ ਆਰਥਿਕ ਨਿਘਾਰ ਦੀ ਸਥਿਤੀ ਨੇ ਸਾਡੇ ਉਦਯੋਗ ਉੱਤੇ ਵੀ ਮਾੜਾ ਪ੍ਰਭਾਵ ਪਾਇਆ ਹੈ ਅਤੇ ਪੀ.ਐਸ.ਆਈ.ਡੀ.ਸੀ., ਪੀ.ਐਫ.ਸੀ. ਅਤੇ ਪੀ.ਏ.ਆਈ.ਸੀ. ਤੋਂ ਕਰਜ਼ ਲੈਣ ਵਾਲੇ ਬਹੁਤ ਸਾਰੇ ਕਰਜ਼ਦਾਰ ਆਪਣਾ ਕਰਜ਼ ਵਾਪਸ ਕਰਨ ਸਮੇਂ ਵਾਸਤਵਿਕ ਰੂਪ ਵਿਚ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬੰਦ ਹੋਏ ਉਦਯੋਗਿਕ ਨਿਵੇਸ਼ ਨੂੰ ਉਤਪਾਦਨੀ ਵਰਤੋਂ ਵਿੱਚ ਲਿਆਉਣ ਲਈ ਮੌਜੂਦਾ ਪੰਜਾਬ ਉਦਯੋਗ ਦੀ ਪੁਨਰ ਸੁਰਜੀਤੀ ਲਈ ਸਰਕਾਰ, ਪੀ.ਐਸ.ਆਈ.ਡੀ.ਸੀ., ਪੀ.ਐਫ.ਸੀ. ਅਤੇ ਪੀ.ਏ.ਆਈਸੀ.

ਦੀਆਂ ਕਰਜ਼ ਦੇਣ ਵਾਲੀਆਂ ਅਤੇ ਪ੍ਰੇਰਿਕ ਕੰਪਨੀਆਂ ਲਈ ਇੱਕ ਤਰਕਸੰਗਤ ਓ.ਟੀ.ਐਸ. ਨੀਤੀ ਲਿਆ ਰਹੀ ਹੈ। ਇਸ ਨੀਤੀ ਅਧੀਨ ਬਹੁਤ ਸਾਰੀਆਂ ਉਨ੍ਹਾਂ ਛੋਟੀਆਂ ਉਦਯੋਗ ਯੂਨਿਟਾਂ ਲਈ, ਜਿਨ੍ਹਾਂ ਨੂੰ ਪੀ.ਐਫ.ਸੀ. ਵੱਲੋਂ ਵਿੱਤ ਮੁਹਈਆ ਕੀਤਾ ਗਿਆ ਸੀ, ਆਪਣੇ ਖਾਤਿਆਂ ਦਾ ਨਿਪਟਾਰਾ ਕਰ ਰਹੀਆਂ ਹਨ ਅਤੇ ਪੂਨਰ ਸੁਰਜੀਤ ਹੋ ਰਹੀਆਂ ਤੋਂ ਇਲਾਵਾ 60 ਵੱਡੇ ਅਤੇ ਦਰਮਿਆਨੇ ਦਰਜੇ ਦੇ ਉਦਯੋਗਿਕ ਪ੍ਰਾਜੈਕਟਾਂ ਅਤੇ ਪੀ.ਏ.ਆਈ.ਸੀ. ਦੇ ਲਗਭੱਗ 15 ਉਦਯੋਗਿਕ ਪ੍ਰੋਜੈਕਟਾਂ ਦੇ ਪੁਨਰ ਸੁਰਜੀਤੀ ਤੋਂ ਇਲਾਵਾ ਪੀ.ਐਫ.ਸੀ., ਪੀ.ਐਸ.ਆਈ.ਡੀ.ਸੀ. ਅਤੇ ਪੀ.ਏ.ਆਈ.ਸੀ. ਨੂੰ ਵਧੇਰੇ ਸਰਕਾਰੀ ਪੂੰਜੀ ਦੀ ਵਸੂਲੀ ਦੀ ਉਮੀਦ ਹੈ।

ਯੁਵਕ ਅਤੇ ਖੇਡਾਂ

ਪੰਜਾਬ ਦੇ ਯੁਵਕਾਂ ਨੂੰ ਹੁਨਰ ਸਿਖਲਾਈ

18. ਪੰਜਾਬ ਦਾ ਭਵਿੱਖ ਨੌਜਵਾਨਾਂ ਉੱਤੇ ਨਿਰਭਰ ਕਰਦਾ ਹੈ ਜੋ ਕਿ ਰਾਜ ਦੀ ਕੁਲ ਆਬਾਦੀ ਦਾ ਲਗਭਗ 30 ਫ਼ੀਸਦ ਬਣਦਾ ਹੈ। ਨੌਜਵਾਨਾਂ ਦੀ ਰੁਜ਼ਗਾਰ ਯੋਗਤਾ ਵਿਚ ਵਾਧੇ ਲਈ ਸਾਡੀ ਸਰਕਾਰ ਉਦਯੋਗਾਂ ਦੀਆਂ ਜ਼ਰੂਰਤਾਂ ਅਨੁਸਾਰ ਉਹਨਾਂ ਨੂੰ ਹੁਨਰਮੰਦ ਸਿਖਲਾਈ ਦੇਣ ਲਈ ਵਚਨਬੱਧ ਹੈ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦਿਆਂ ਅਤੇ ਐਮ.ਐਸ.ਐਮ.ਈ. ਸੈਕਟਰ ਦੀ ਮਹੱਤਵਪੂਰਨ ਹੋਂਦ ਦੇ ਤੱਥ ਨੂੰ ਵਿਚਾਰਦਿਆਂ ਹੋਇਆਂ ਰਾਜ "ਮੇਕ ਇਨ ਇੰਡੀਆ" ਮੁਹਿੰਮ ਵਿਚ ਉਘੇ ਭਾਈਵਾਲ ਵਜੋਂ ਭੂਮਿਕਾ ਨਿਭਾਏਗਾ। ਰਾਜ ਨੇ ਬਲਾਕ,ਜ਼ਿਲ੍ਹਾ ਅਤੇ ਰਾਜ ਪੱਧਰੀ ਤਿੰਨ ਪੜਾਵੀ ਸ਼ਕਤੀਸ਼ਾਲੀ "ਰਾਜ ਹੁਨਰ ਵਿਕਾਸ ਮਿਸ਼ਨ" ਦੀ ਸਥਾਪਨਾ ਕੀਤੀ ਹੈ।

19. ਰਾਜ ਦੀਆਂ ਬਹੁ ਹੁਨਰੀ ਵਿਕਾਸ ਜ਼ਰੂਰਤਾਂ ਦੀ ਪੂਰਤੀ ਲਈ ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ ਅਤੇ ਰੋਪੜ ਵਿਖੇ ਮਿਸ਼ਨ ਵਲੋਂ ਬਹੁ-ਹੁਨਰੀ ਵਿਕਾਸ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਮਿਸ਼ਨ, ਅੰਮ੍ਰਿਤਸਰ, ਪਟਿਆਲਾ ਅਤੇ ਫ਼ਰੀਦਕੋਟ ਦੇ ਮੈਡੀਕਲ ਕਾਲਜਾਂ ਵਿਖੇ ਤਿੰਨ ਹੁਨਰ ਵਿਕਾਸ ਕੇਂਦਰ ਸਥਾਪਿਤ ਕਰਨ ਦੀ ਪ੍ਰਕਿਰਿਆ ਵਿਚ ਹੈ।

20. ਇਸ ਮਿਸ਼ਨ ਦੇ ਤਹਿਤ ਮੈਂ ਨਿਰਮਾਣ ਖੇਤਰ ਵਿਚ ਪ੍ਰਸਿੱਧ ਕੰਪਨੀਆਂ ਦੀ ਭਾਈਵਾਲੀ ਨਾਲ ਤਿੰਨ ਵਿਸ਼ੇਸ਼ ਹੁਨਰ ਵਿਕਾਸ ਕੇਂਦਰ ਸਥਾਪਤ ਕਰਨ ਦੀ ਤਜਵੀਜ਼ ਕਰਦਾ ਹਾਂ। ਉਨ੍ਹਾਂ ਦੇ ਬਰੂਹਾਂ ਉੱਤੇ ਹੀ ਹੁਨਰ ਸਿਖਲਾਈ ਦੇਣ ਲਈ ਪਿੰਡ ਵਿਚ ਮੌਜੂਦ ਸਰਕਾਰੀ ਸਕੂਲਾਂ ਅਤੇ ਹੋਰ ਇਮਾਰਤਾਂ ਵਿਚ, ਜਦੋਂ ਉਹ

[ਵਿੱਤ ਮੰਤਰੀ]

ਵਰਤੋਂ ਵਿਚ ਨਾ ਹੋਣ, ਕੁੜੀਆਂ ਦੇ ਲਈ 2000 ਅਤੇ ਮੁੰਡਿਆਂ ਦੇ ਲਈ 500 ਹੁਨਰ ਸਿਖਲਾਈ ਕੇਂਦਰ ਪੇਂਡੂ ਪੱਧਰ ਤੇ ਖੋਲ੍ਹੇ ਜਾਣਗੇ। ਇਨ੍ਹਾਂ ਪਹਿਲ ਕਦਮੀਆਂ ਤੇ ਰਾਜ ਸਰਕਾਰ 200 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਤਜਵੀਜ਼ ਕਰਦੀ ਹੈ।

ਉਚੇਰੀ ਸਿੱਖਿਆ ਨੂੰ ਸਹਾਇਤਾ

21. ਸ਼੍ਰੀਮਾਨ ਜੀ, ਇਹ ਯਕੀਨੀ ਬਣਾਉਣ ਲਈ ਕਿ ਕੇਵਲ ਫੰਡਾਂ ਦੀ ਘਾਟ ਕਾਰਨ ਗਰੀਬ ਵਿਦਿਆਰਥੀ ਉਚ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਨਾ ਰਹਿ ਜਾਣ, ਨੀਲਾ ਕਾਰਡ ਧਾਰਕ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਕੌਮੀ ਮਹੱਤਤਾ ਵਾਲੀਆਂ ਸੰਸਥਾਵਾਂ (ਗੌਰਮਿੰਟ ਇੰਸਟੀਚਿਊਟਸ ਆਫ਼ ਨੈਸ਼ਨਲ ਇੰਪੌਰਟੈਂਸ) ਵਿਚ ਦਾਖ਼ਲਾ ਲੈਣ ਲਈ ਸਿੱਖਿਆ ਫ਼ੰਡ ਪ੍ਰਦਾਨ ਕਰਦੇ ਹੋਏ ਪ੍ਰਸੰਨਤਾ ਮਹਿਸੂਸ ਹੋ ਰਹੀ ਹੈ।

ਖੇਡਾਂ

22. ਸ਼੍ਰੀਮਾਨ ਜੀ, ਖੇਡ ਜਗਤ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਸਾਰੇ ਸੰਸਾਰ ਵਿਚ ਜਾਣਿਆ ਜਾਂਦਾ ਹੈ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਬਹੁਤ ਸਾਰੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿਚ ਦੇਸ਼ ਦੀ ਪ੍ਰਤਿਨਿਧਤਾ ਕੀਤੀ ਹੈ। ਪੰਜਾਬੀਆਂ ਦੀਆਂ ਯੋਗਤਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰਤਿਭਾ ਨੂੰ ਸਹੀ ਸਮੇਂ ਤੇ ਸੰਭਾਲਣ, ਅੰਤਰਰਾਸ਼ਟਰੀ ਪੱਧਰ ਤੇ ਖਿਡਾਰੀ ਪੈਦਾ ਕਰਨ ਅਤੇ ਸਿਖਲਾਈ ਦੇਣ ਅਤੇ ਉਹਨਾਂ ਵਿਚ ਮੈਡਲ ਜਿੱਤਣ ਵਾਲੀਆਂ ਸੰਭਾਵਨਾਵਾਂ ਪੈਦਾ ਕਰਨ ਲਈ ਸਾਡੀ ਸਰਕਾਰ ਨੇ ਪੰਜਾਬ ਖੇਡ ਸੰਸਥਾ ਦੀ ਸਥਾਪਨਾ ਕੀਤੀ ਹੈ। ਪੰਜਾਬ ਖੇਡ ਸੰਸਥਾ ਦੇ ਅਧੀਨ 12 ਸ਼ਨਾਖ਼ਤ ਕੀਤੀਆਂ ਖੇਡਾਂ ਲਈ ਉਤਮ ਦਰਜੇ ਦੇ ਕੇਂਦਰ ਹੋਣਗੇ। ਸਮੁੱਚੇ ਰਾਜ ਵਿਚੋਂ 14 ਸਾਲ ਦੀ ਉਮਰ ਤੋਂ ਉਪਰ ਵਾਲੇ ਲਗਭਗ 6000 ਖਿਡਾਰੀਆਂ ਦੀ ਸ਼ਨਾਖ਼ਤ ਕੀਤੀ ਜਾਵੇਗੀ (ਥੰਪਿੰਗ) ਅਤੇ ਰਾਜ ਦੇ ਵੱਖ-ਵੱਖ ਭਾਗਾਂ ਵਿਚ ਸਥਾਪਿਤ ਇਹਨਾਂ ਉਤਮ ਦਰਜੇ ਦੇ ਕੇਂਦਰਾਂ ਵਿਚ ਸਿਖਲਾਈ ਦਿੱਤੀ ਜਾਵੇਗੀ। ਦਾਖ਼ਲ ਕੀਤੇ ਖਿਡਾਰੀਆਂ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਉਪਲਬਧ ਕਰਵਾਇਆ ਜਾਵੇਗਾ ਅਤੇ ਮਾਹਿਰ ਭਾਰਤੀ ਅਤੇ ਵਿਦੇਸ਼ੀ ਕੋਚਾਂ ਦੀ ਨਿਗਰਾਨੀ ਹੇਠ ਆਧੁਨਿਕ ਲੀਹਾਂ ਉਪਰ ਸਿਖਲਾਈ ਦੇਣ ਅਤੇ ਉਨ੍ਹਾਂ ਦੀ ਪੜ੍ਹਾਈ ਲਈ ਪ੍ਰਬੰਧ ਕੀਤੇ ਜਾਣਗੇ। ਪੰਜਾਬ ਖੇਡ ਸੰਸਥਾ ਦਾ ਸਾਲਾਨਾ ਬਜਟ 50 ਕਰੋੜ ਹੋਵੇਗਾ।

23. ਖੇਡ ਬੁਨਿਆਦੀ ਢਾਂਚੇ ਦੇ ਸਟੇਡੀਅਮਾਂ ਦੇ ਮਜ਼ਬੂਤੀਕਰਨ ਲਈ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਤੇ 320 ਕਰੋੜ ਰੁਪਏ ਦੀ ਲਾਗਤ ਨਾਲ ਬਹੁਮੰਤਵੀ ਖੇਡ ਸਟੇਡੀਅਮ ਬਣਾਏ ਜਾਂ ਬਿਹਤਰ ਕੀਤੇ ਜਾਂ ਉਸਾਰੇ ਜਾ ਰਹੇ ਹਨ। ਇਸ ਯਤਨ ਵਿਚ ਪਠਾਨਕੋਟ ਅਤੇ ਫਤਹਿਗੜ੍ਹ ਸਾਹਿਬ ਵਿਖੇ ਇਕ ਬਹੁਮੰਤਵੀ ਸਟੇਡੀਅਮ ਬਣਾਇਆ ਜਾ ਰਿਹਾ ਹੈ। ਬਰਨਾਲਾ ਵਿਖੇ ਮੌਜੂਦਾ ਸਟੇਡੀਅਮ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ। ਅਗਲੇ ਪੰਜਾਂ ਸਾਲਾਂ ਵਿਚ ਮੈਂ ਰਾਜ ਦੇ ਹਰੇਕ ਬਲਾਕ ਵਿਚ ਇਕ ਬਲਾਕ ਪੱਧਰ ਦਾ ਸਟੇਡੀਅਮ ਬਣਾਉਣ ਦੀ ਤਜਵੀਜ਼ ਕਰਦਾ ਹਾਂ। ਫਿਰੋਜ਼ਪੁਰ ਵਿਖੇ 10.31 ਕਰੋੜ ਰੁਪਏ ਦੀ ਲਾਗਤ ਨਾਲ ਇਕ ਹਾਕੀ ਸਟੇਡੀਅਮ ਵੀ ਉਸਾਰਿਆ ਜਾਵੇਗਾ।

ਸ਼ਹਿਰੀ ਵਿਕਾਸ

24. ਰਾਜ ਦੀ ਕੁੱਲ ਵੱਸੋਂ ਦਾ 37 ਫ਼ੀਸਦ ਹਿੱਸਾ ਸ਼ਹਿਰੀ ਵੱਸੋਂ ਹੈ। ਸਾਡੀ ਸਰਕਾਰ ਵੱਖ-ਵੱਖ ਪਹਿਲਕਦਮੀਆਂ ਰਾਹੀਂ ਸ਼ਹਿਰੀਕਰਨ ਦੀਆਂ ਚੁਣੌਤੀਆਂ ਦਾ ਸਫਲਤਾਪੂਰਵਕ ਸਾਹਮਣਾ ਕਰ ਰਹੀ ਹੈ। ਸ਼੍ਰੀਮਾਨ ਜੀ, "ਸਾਰਿਆਂ ਲਈ ਵਾਰਾ ਖਾਣ ਯੋਗ ਮਕਾਨ" ਮੁਹੱਈਆ ਕਰਵਾਉਣ ਦੇ ਸੁਪਨੇ ਨੂੰ ਪੂਰਾ ਕਰਨ ਲਈ ਮੈਂ ਇਕ ਹੋਰ ਤਜਵੀਜ਼ ਕਰਦਾ ਹਾਂ ਅਰਥਾਤ ਹੁਡਕੋ ਦੇ ਸਹਿਯੋਗ ਨਾਲ ਅਗਲੇ ਦੋ ਸਾਲਾਂ ਵਿਚ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ 50,000 ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ। (ਥੰਪਿੰਗ) ਇਹ ਮਕਾਨ 20 ਸਾਲਾਂ ਵਿਚ ਆਸਾਨ ਮਾਸਿਕ ਕਿਸਤਾਂ ਦੀ ਸਕੀਮ ਅਧੀਨ ਲਾਭਪਾਤਰੀਆਂ ਨੂੰ ਅਲਾਟ ਕੀਤੇ ਜਾਣਗੇ।

25. ਮੈਂ, ਸਮੁੱਚੇ ਮਿਊਂਸੀਪਲ ਅਤੇ ਕਾਰਪੋਰੇਸ਼ਨ ਸ਼ਹਿਰਾਂ ਵਿਚ 100 ਫ਼ੀਸਦ ਸੀਵਰੇਜ ਅਤੇ ਜਲ ਸਪਲਾਈ ਮੁਹੱਈਆ ਕਰਵਾਉਣ ਦੀ ਸਾਡੀ ਸਰਕਾਰ ਦੀ ਵਚਨਬੱਧਤਾ ਨੂੰ ਵੀ ਦੁਹਰਾਉਂਦਾ ਹਾਂ। ਮੈਨੂੰ "ਪੰਜਾਬ ਸ਼ਹਿਰੀ ਵਿਕਾਸ ਮਿਸ਼ਨ" ਸ਼ੁਰੂਆਤ ਕਰਨ ਦੀ ਘੋਸ਼ਣਾ ਕਰਨ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਜਿਸ ਤਹਿਤ ਸਾਲ 2017 ਦੇ ਅੰਤ ਤਕ ਸਾਰੇ ਸ਼ਹਿਰਾਂ ਵਿਚ 100 ਫ਼ੀਸਦ ਜਲ ਸਪਲਾਈ, ਸੀਵਰੇਜ਼, ਐਸ.ਟੀ.ਪੀ. ਸੜਕਾਂ ਅਤੇ ਸਟ੍ਰੀਟ ਲਾਈਟਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਪੇਂਡੂ ਵਿਕਾਸ

26. ਸ਼ਹਿਰੀਕਰਨ ਦੇ ਤੇਜ਼ੀ ਨਾਲ ਹੋ ਰਹੇ ਵਾਧੇ ਦੇ ਬਾਵਜੂਦ, ਇਸ ਤੱਥ ਤੋਂ

[ਵਿੱਤ ਮੰਤਰੀ]

ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਸਾਡੇ ਪਿੰਡਾਂ ਵਿਚ ਵਸਦਾ ਹੈ। ਪਿੰਡਾਂ ਦਾ ਵਿਕਾਸ ਸਾਡੀ ਸਰਕਾਰ ਦੀ ਮੁਖ ਤਰਜੀਹ ਹੈ ਅਤੇ ਇਸ ਨੂੰ ਅੱਗੇ ਲਿਜਾਉਂਦੇ ਹੋਏ ਮੈਂ 'ਮੁੱਖ ਮੰਤਰੀ ਪੇਂਡੂ ਵਿਕਾਸ ਯੋਜਨਾ' ਸ਼ੁਰੂ ਕਰਨ ਦੀ ਤਜਵੀਜ਼ ਕਰਦਾ ਹਾਂ। ਇਹ ਸਕੀਮ, ਬੁਨਿਆਦੀ ਸੁਵਿਧਾਵਾਂ ਦੇ ਉਪਬੰਧ ਰਾਹੀਂ ਪਿੰਡਾਂ ਦੇ ਸਮੁੱਚੇ ਵਿਕਾਸ ਨੂੰ ਦਰਸਾਉਂਦੀ ਹੈ। 2015-16 ਦੇ ਬਜਟ ਵਿਚ 600 ਕਰੋੜ ਰੁਪਏ ਦੀ ਰਕਮ ਇਸ ਸਕੀਮ ਲਈ ਰਾਖਵੀਂ ਕੀਤੀ ਗਈ ਹੈ। (ਥੰਪਿੰਗ)

ਜਲ ਸਪਲਾਈ ਅਤੇ ਸਾਫ਼-ਸਫ਼ਾਈ

27. ਮੈਨੂੰ ਅਜ਼ੀਮ ਸਦਨ ਨਾਲ ਇਹ ਗੱਲ ਸਾਂਝੀ ਕਰਨ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵਿਸ਼ਵ ਬੈਂਕ ਨੇ 2200 ਕਰੋੜ ਰੁਪਏ ਦੀ ਕੁਲ ਲਾਗਤ ਵਾਲੇ ਛੇ ਸਾਲਾਂ ਵਾਲੇ ਦੂਜੇ ਪੰਜਾਬ ਪੇਂਡੂ ਜਲ ਪੂਰਤੀ ਅਤੇ ਸਾਫ਼-ਸਫ਼ਾਈ ਪ੍ਰਾਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਦਾ ਮੰਤਵ ਰਾਜ ਵਿਚ ਪੇਂਡੂ ਜਲ ਪੂਰਤੀ ਅਤੇ ਸਾਫ਼-ਸਫ਼ਾਈ ਸੇਵਾਵਾਂ ਅਤੇ ਸੇਵਾ ਪ੍ਰਬੰਧਾਂ ਨੂੰ ਬਿਹਤਰ ਕਰਨਾ ਹੈ। ਇਹ ਪ੍ਰਾਜੈਕਟ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਨਾਲ ਮਿਲ ਕੇ ਸਾਲ 2018 ਤੱਕ ਰਾਜ ਵਿਚ ਹਰੇਕ ਪਰਿਵਾਰ ਲਈ ਨਿੱਜੀ ਪਾਖ਼ਾਨਿਆਂ ਨੂੰ ਯਕੀਨੀ ਬਣਾਏਗਾ।

ਸਿਹਤ

28. ਸ਼੍ਰੀਮਾਨ ਜੀ, ਮੈਂ ਕੇਂਦਰ ਸਰਕਾਰ ਦੁਆਰਾ ਪੰਜਾਬ ਵਿਚ ਇਕ ਏਮਜ਼ ਸੰਸਥਾ ਸਥਾਪਤ ਕੀਤੇ ਜਾਣ ਦੇ ਫ਼ੈਸਲੇ ਦੀ ਸ਼ਲਾਘਾ ਕਰਦਾ ਹਾਂ, ਜਿਸ ਨਾਲ ਰਾਜ ਵਿਚ ਸਿਹਤ ਸੰਭਾਲ ਸਬੰਧੀ ਬੁਨਿਆਦੀ ਢਾਂਚਾ ਹੋਰ ਮਜਬੂਤ ਹੋਵੇਗਾ। ਮੈਂ "ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ" ਸਹਾਇਤਾ ਦੀ ਤਜਵੀਜ਼ ਕਰਦਾ ਹਾਂ ਜਿਸ ਨਾਲ ਗ਼ਰੀਬੀ ਰੇਖਾ ਤੋਂ ਹੇਠਾਂ ਦੇ 4.50 ਲੱਖ ਪਰਿਵਾਰਾਂ ਦੇ ਨਾਲ-ਨਾਲ 30 ਲੱਖ ਨੀਲਾ ਕਾਰਡ ਧਾਰਕ ਪਰਿਵਾਰਾਂ ਨੂੰ ਸਮਾਰਟ ਕਾਰਡਾਂ ਰਾਹੀਂ ਕੈਸ਼-ਲੈੱਸ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਜਾਵੇਗਾ। (ਥੰਪਿੰਗ) ਇਹ ਸਕੀਮ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀ ਲਗਭਗ 1.50 ਕਰੋੜ ਵੱਸੋਂ ਨੂੰ ਸਿਹਤ ਸਬੰਧੀ ਬਿਮਾਰੀਆਂ ਕਾਰਨ ਹਸਪਤਾਲ ਵਿਚ ਹੋਏ ਖ਼ਰਚਿਆਂ ਦੇ ਵਿੱਤੀ ਬੋਝ ਤੋਂ ਛੁਟਕਾਰਾ ਦਿਵਾਏਗੀ। ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਸਰਕਾਰ ਵੱਲੋਂ 30,000 ਰੁਪਏ ਤਕ ਦੇ ਹਸਪਤਾਲ ਸਬੰਧੀ ਖ਼ਰਚੇ ਦਿੱਤੇ ਜਾਣਗੇ। ਸਾਲ 2015-16 ਦੇ ਸਾਲਾਨਾ ਬਜਟ ਵਿਚ 50.00 ਕਰੋੜ ਰੁਪਏ ਦਾ ਮੁਢਲਾ ਉਪਬੰਧ ਕੀਤਾ ਗਿਆ ਹੈ।

ਇਸਤਰੀਆਂ

29. ਇਹ ਸਹੀ ਕਿਹਾ ਗਿਆ ਹੈ ਕਿ ਜੇਕਰ ਤੁਸੀਂ ਇਕ ਔਰਤ ਨੂੰ ਸਿੱਖਿਆ ਦਿੰਦੇ ਹੋ ਤਾਂ ਸਮਝੋ ਇਕ ਪੀੜ੍ਹੀ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹੋ। ਸਿੱਖਿਆ ਇਸਤਰੀ ਸਸ਼ਕਤੀਕਰਨ ਦਾ ਧੁਰਾ ਹੈ। ਅੱਜ ਵੀ ਸਾਡੀਆਂ ਬਹੁਤ ਸਾਰੀਆਂ ਵਿਦਿਆਰਥਣਾਂ ਵਿਸ਼ੇਸ਼ ਕਰਕੇ ਪੇਂਡੂ ਖੇਤਰਾਂ ਦੀਆਂ ਵਿਦਿਆਰਥਣਾਂ, ਸਕੂਲਾਂ ਵਿਚ ਲੜਕੀਆਂ ਦੇ ਪਖਾਨਿਆਂ ਦੀਆਂ ਮੁਢਲੀਆਂ ਸਹੂਲਤਾਂ ਦੀ ਘਾਟ ਕਾਰਨ ਸਕੂਲ ਸਿੱਖਿਆ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਸ਼੍ਰੀਮਾਨ ਜੀ, ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਕੋਈ ਵੀ ਵਿਦਿਆਰਥਣ ਸਕੂਲ ਵਿਚ ਮੁਢਲੀਆਂ ਸਹੂਲਤਾਂ ਦੀ ਘਾਟ ਕਰਕੇ ਸਿੱਖਿਆ ਲੈਣ ਤੋਂ ਵਾਂਝੀ ਨਾ ਰਹੇ, ਮੈਂ, ਪੰਜਾਬ ਵਿੱਚ ਲੜਕੀਆਂ ਦੇ ਸਕੂਲਾਂ ਦੇ ਮਜ਼ਬੂਤੀਕਰਨ ਸਕੀਮ ਦੀ ਤਜਵੀਜ਼ ਕਰਦਾ ਹਾਂ। ਇਸ ਸਕੀਮ ਤਹਿਤ 144 ਸੀ ਡੀ ਬਲਾਕਾਂ ਵਿਚ 121 ਸਰਕਾਰੀ ਲੜਕੀਆਂ ਦੇ ਹਾਈ ਸਕੂਲ/ ਸੀਨੀਅਰ ਸੈਕੰਡਰੀ ਸਕੂਲਾਂ ਦਾ ਮਜ਼ਬੂਤੀਕਰਨ ਕੀਤਾ ਜਾਵੇਗਾ। ਸਾਲ 2015-16 ਲਈ ਇਸ ਸਕੀਮ ਅਧੀਨ 20 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

ਅਨੁਸੂਚਿਤ ਜਾਤੀ ਭਲਾਈ

30. ਅਨੁਸੂਚਿਤ ਜਾਤੀਆਂ ਦੀ ਭਲਾਈ ਸਮੁੱਚੇ ਵਿਕਾਸ ਦੀ ਸਾਡੀ ਨੀਤੀ ਦਾ ਇਕ ਅਨਿੱਖੜਵਾਂ ਅੰਗ ਹੈ। 50 ਫ਼ੀਸਦ ਤੋਂ ਵੱਧ ਦੀ ਅਨੁਸੂਚਿਤ ਜਾਤੀ ਵਸੋਂ ਵਾਲੇ ਸਾਰੇ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਮੈਂ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਤਹਿਤ ਸਾਲ 2015-16 ਵਿਚ 45 ਕਰੋੜ ਰੁਪਏ ਦੀ ਰਾਸ਼ੀ ਰਾਖਵੀਂਕਰਣ ਦੀ ਤਜਵੀਜ਼ ਕਰਦਾ ਹਾਂ।

ਘੱਟ ਗਿਣਤੀ ਭਲਾਈ

31. ਸਾਡੀ ਸਰਕਾਰ, ਰਾਜ ਵਿਚ ਘੱਟ ਗਿਣਤੀ ਲੋਕਾਂ ਦੇ ਹਿੱਤਾਂ ਪ੍ਰਤਿ ਸੁਚੇਤ ਹੈ। ਅਸੀਂ ਉਹਨਾਂ ਦੀ ਭਲਾਈ ਅਤੇ ਉਹਨਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਵਚਨਬੱਧ ਹਾਂ। ਸ਼੍ਰੀਮਾਨ ਜੀ, ਸਾਲ 2015-16 ਲਈ ਮੈਂ, ਰਾਜ ਵਿਚ ਮੁਸਲਿਮ ਅਤੇ ਇਸਾਈ ਭਾਈਚਾਰੇ ਲਈ ਕਬਰਿਸਤਾਨਾਂ ਦੀ ਸਥਾਪਨਾ ਲਈ 10 ਕਰੋੜ ਰੁਪਏ ਦੀ ਰਕਮ ਰਾਖਵੀਂ ਕਰਨ ਦੀ ਤਜਵੀਜ਼ ਕਰਦਾ ਹਾਂ।

ਹਰਾ ਪੰਜਾਬ

32. ਸ਼੍ਰੀਮਾਨ ਜੀ, ਹੁਣੇ ਜਿਹੇ ਹੀ ਸੰਸਦ ਨੇ, ਬੈਟਰੀ ਊਰਜਾ ਨਾਲ ਚਲਣ

[ਵਿੱਤ ਮੰਤਰੀ]

ਵਾਲੇ ਈ-ਰਿਕਸ਼ਿਆਂ ਨੂੰ ਵਪਾਰਕ ਢੋਆ-ਢੁਆਈ ਵਜੋਂ ਮਾਨਤਾ ਦੇਣ ਲਈ ਮੋਟਰ ਵਹੀਕਲ (ਸੋਧ) ਬਿਲ ਪਾਸ ਕੀਤਾ ਹੈ। ਰਾਜ ਸਰਕਾਰ ਨੇ ਸ਼ਹਿਰਾਂ ਵਿਚ ਪ੍ਰਦੂਸ਼ਣ ਦੀ ਰੋਕਥਾਮ ਲਈ ਅਤੇ ਗ਼ਰੀਬਾਂ ਨੂੰ ਰੋਜ਼ਗਾਰ ਦੇਣ ਦੇ ਦੋਹਰੇ ਮੰਤਵ ਨਾਲ ਪਹਿਲੇ ਪੜਾਅ ਵਿਚ ਪੁਰਾਣੇ ਨਿਗਮ ਕਸਬਿਆਂ ਵਿਚ ਈ-ਰਿਕਸ਼ੇ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਸਰਕਾਰ ਛੇਤੀ ਹੀ ਈ-ਰਿਕਸ਼ੇ ਖਰੀਦਣ ਲਈ ਲੋਕਾਂ ਨੂੰ ਲੁਭਾਵਣੇ ਕਰਜ਼ੇ ਦੇਣ ਲਈ ਛੇਤੀ ਹੀ ਇੱਕ ਸਕੀਮ ਦੀ ਸ਼ੁਰੂਆਤ ਕਰੇਗੀ।

ਸੈਰ-ਸਪਾਟਾ ਅਤੇ ਸਭਿਆਚਾਰ

33. ਸ਼੍ਰੀਮਾਨ ਜੀ, ਸਾਡੀ ਸਰਕਾਰ ਸੈਰ-ਸਪਾਟਾ ਖੇਤਰ ਵਿਚ ਰਾਜ ਦੀ ਅਮੀਰ ਸਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਪੇਸ਼ਕਾਰੀ ਲਈ ਅਤੇ ਸੈਰ ਸਪਾਟਾ ਖੇਤਰ ਵਿਚ ਇਸ ਦੀ ਸ਼ਾਨ ਤੋਂ ਜਾਣੂ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦੇ ਸੁਪਨਿਆਂ ਮੁਤਾਬਿਕ, ਸਾਡੀ ਸਰਕਾਰ ਮਹੱਤਵਪੂਰਨ ਸ਼ਖ਼ਸੀਅਤਾਂ ਅਤੇ ਘਟਨਾਵਾਂ ਦੀ ਯਾਦ ਵਿਚ ਯਾਦਗਾਰੀ ਸਮਾਰਕਾਂ ਦੀ ਸਥਾਪਨਾ ਕਰ ਰਹੀ ਹੈ। ਕਰਤਾਰਪੁਰ ਵਿਖੇ, ਆਜ਼ਾਦੀ ਸੰਘਰਸ਼ ਵਿਚ ਸ਼ਮੂਲੀਅਤ ਕਰਨ ਵਾਲੇ ਪੰਜਾਬ ਦੇ ਲੋਕਾਂ ਦੀ ਯਾਦ ਵਿਚ ਇੱਕ ਆਲ੍ਹਾ ਦਰਜੇ ਦਾ ਯਾਦਗਾਰੀ ਸਮਾਰਕ- 'ਜੰਗ-ਏ-ਆਜ਼ਾਦੀ' ਸਥਾਪਤ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਵਿਖੇ ਭਗਵਾਨ ਬਾਲਮੀਕੀ ਤੀਰਥ ਸਥਲ (ਰਾਮ ਤੀਰਥ) ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਖੁਰਾਲਗੜ੍ਹ ਵਿਖੇ ਗੁਰੂ ਰਵਿਦਾਸ ਯਾਦਗਾਰੀ ਸਮਾਰਕ, ਫਿਰੋਜ਼ਪੁਰ ਵਿਖੇ ਭਾਈ ਮਰਦਾਨਾ ਜੀ ਯਾਦਗਾਰੀ ਸਮਾਰਕ ਅਤੇ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਮੋਤੀ ਰਾਮ ਮਹਿਰਾ ਜੀ ਯਾਦਗਾਰੀ ਸਮਾਰਕ ਵੀ ਪੁਨਰ ਸਥਾਪਤ ਕੀਤੇ ਜਾ ਰਹੇ ਹਨ। ਇਨ੍ਹਾਂ ਕਾਰਜਾਂ ਲਈ 500 ਕਰੋੜ ਰੁਪਏ ਰੱਖੇ ਗਏ ਹਨ। (ਥੰਪਿੰਗ)

34. ਸ਼੍ਰੀਮਾਨ ਜੀ, ਮੈਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਸੈਰ-ਸਪਾਟਾ ਅਤੇ ਸਭਿਆਚਾਰਕ ਕਾਰਜਾਂ ਨੂੰ ਪੂਰਾ ਕਰਨ ਲਈ 500 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ ਹੈ। (ਥੰਪਿੰਗ) ਤਜਵੀਜ਼ ਕੀਤੇ ਗਏ ਮੁੱਖ ਕਾਰਜਾਂ ਵਿਚੋਂ ਸ੍ਰੀ ਹਰਮਿੰਦਰ ਸਾਹਿਬ ਦੀ ਡਿਓਢੀ ਵਿਚ ਐਂਟਰੈਂਸ ਪਲਾਜ਼ਾ ਦੀ ਉਸਾਰੀ ਤੋਂ ਇਲਾਵਾ, ਸ੍ਰੀ ਹਰਮਿੰਦਰ ਸਾਹਿਬ, ਜੱਲ੍ਹਿਆਂ ਵਾਲਾ ਬਾਗ, ਟਾਊਨ ਹਾਲ ਅਤੇ ਹਾਲ ਗੇਟ ਦੇ ਆਲੇ-ਦੁਆਲੇ ਦੀ ਬਾਹਰੀ ਸਜਾਵਟ ਵਿਚ ਸੁਧਾਰ ਸ਼ਾਮਲ ਹਨ।

ਹੋਰ ਤਜਵੀਜ਼ਾਂ

35. ਸ਼੍ਰੀਮਾਨ ਜੀ, ਖੁੱਲ੍ਹੇ ਘੁੰਮਦੇ ਪਸ਼ੂਆਂ ਦੀ ਦੇਖਭਾਲ ਲਈ ਹਰੇਕ ਜ਼ਿਲ੍ਹੇ ਵਿਚ ਇਕ ਗਊਸ਼ਾਲਾ ਸਥਾਪਤ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ। ਹਰੇਕ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਇਕ 'ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ' ਸਥਾਪਤ ਕੀਤੀ ਜਾਵੇਗੀ। ਇਹ ਪਹਿਲਕਦਮੀ, ਖੁੱਲ੍ਹੇ ਘੁੰਮਦੇ ਡੰਗਰਾਂ ਕਾਰਨ ਹੋਈਆਂ ਗੰਭੀਰ ਦੁਰਘਟਨਾਵਾਂ ਦੀ ਰੋਕਥਾਮ ਅਤੇ ਇਨ੍ਹਾਂ ਪਸ਼ੂਆਂ ਵੱਲੋਂ ਫ਼ਸਲਾਂ ਨੂੰ ਕੀਤੇ ਜਾਂਦੇ ਨੁਕਸਾਨ ਤੋਂ ਕਿਸਾਨਾਂ ਨੂੰ ਸੁਰੱਖਿਅਤ ਰੱਖਣ ਵਿਚ ਲਾਹੇਵੰਦ ਸਿੱਧ ਹੋਵੇਗੀ।

36. ਅਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਲਈ ਹਰੇਕ ਜ਼ਿਲ੍ਹੇ ਵਿਚ ਕੁੱਤਾਖ਼ਾਨਾ ਸਥਾਪਤ ਕਰਨ ਦੀ ਵੀ ਤਜਵੀਜ਼ ਕਰਦਾ ਹਾਂ। ਇਹ ਕੁੱਤਾਖ਼ਾਨਾ ਅਵਾਰਾ ਕੁੱਤਿਆਂ ਨੂੰ ਸਾਂਭ-ਸੰਭਾਲ ਅਤੇ ਪਨਾਹ ਮੁਹੱਈਆ ਕਰਵਾਉਣਗੇ।

ਭਾਗ-ਅ

ਸ਼੍ਰੀਮਾਨ ਜੀ, ਹੁਣ ਮੈਂ ਯੋਜਨਾ ਤਜਵੀਜ਼ਾਂ ਨੂੰ ਵਿਸਥਾਰਪੂਰਵਕ ਪੇਸ਼ ਕਰਨਾ ਚਾਹਾਂਗਾ।

ਯੋਜਨਾ ਆਕਾਰ ਅਤੇ ਕਾਰਗੁਜ਼ਾਰੀ

37. ਸਾਲ 2006-07 ਤੋਂ ਰਾਜ ਦੀ ਪ੍ਰਵਾਨਤ ਸਾਲਾਨਾ ਯੋਜਨਾ ਅਤੇ ਇਸ ਨੂੰ ਲਾਗੂ ਕਰਨ ਵਿਚ ਮਹੱਤਵਪੂਰਨ ਵਾਧਾ ਕੀਤਾ ਗਿਆ ਹੈ। ਸਾਲ 2006-07 ਦੌਰਾਨ ਪ੍ਰਵਾਨਤ ਸਾਲਾਨਾ ਯੋਜਨਾ 4,000 ਕਰੋੜ ਰੁਪਏ ਸੀ, ਜੋ ਕਿ ਸਾਲ 2014-15 ਵਿਚ ਵਧ ਕੇ 20,100 ਕਰੋੜ ਰੁਪਏ ਹੋ ਗਈ। ਸਾਲ 2011-12 ਦੌਰਾਨ ਸਾਲਾਨਾ ਯੋਜਨਾ ਲਾਗੂ ਕਰਨ 65 ਫ਼ੀਸਦ, ਸਾਲ 2012-13 ਦੌਰਾਨ 72 ਫ਼ੀਸਦ ਅਤੇ ਸਾਲ 2013-14 ਦੌਰਾਨ 73 ਫ਼ੀਸਦ ਸੀ। ਇਸੇ ਤਰ੍ਹਾਂ ਸਾਲ 2014-15 ਵਿਚ ਵਿੱਤੀ ਪ੍ਰਾਪਤੀ 80 ਫ਼ੀਸਦ ਤੱਕ ਹੋਣ ਦੀ ਆਸ ਹੈ। ਸਾਲ 2015-16 ਲਈ ਯੋਜਨਾ ਆਕਾਰ 21,174 ਕਰੋੜ ਰੁਪਏ ਹੈ ਜੋ ਕਿ ਪਿਛਲੇ ਸਾਲ ਨਾਲੋਂ 5 ਫ਼ੀਸਦ ਵਧੇਰੇ ਹੈ। ਭਾਰਤ ਸਰਕਾਰ ਵਲੋਂ ਰਾਜਾਂ ਨੂੰ ਕੇਂਦਰੀ ਸਹਾਇਤਾ ਵਿਚ ਸੰਭਾਵੀ ਤਬਦੀਲੀ ਕਾਰਨ ਸਾਲਾਨਾ ਯੋਜਨਾ 2015-16 ਦੇ ਆਕਾਰ ਵਿਚ ਇਹ ਵਾਧਾ ਨਾਮਾਤਰ ਹੈ।

38. ਇਸ ਤੋਂ ਇਲਾਵਾ ਕੇਂਦਰੀ ਸਰਕਾਰ ਨੇ ਕੇਂਦਰ ਵਲੋਂ ਸਪਾਂਸਿਰਡ 66

[ਵਿੱਤ ਮੰਤਰੀ]

ਸਕੀਮਾਂ ਮੁੜ ਤਿਆਰ ਕੀਤੀਆਂ ਹਨ ਅਰਥਾਤ (i) ਕੇਂਦਰੀ ਸਰਕਾਰ ਵਲੋਂ ਪੂਰਨ ਸਹਿਯੋਗ ਵਾਲੀਆਂ ਸਕੀਮਾਂ, (ii) ਕੇਂਦਰ ਦੇ ਸਹਿਯੋਗ ਤੋਂ ਅਲੱਗ ਕੀਤੀਆਂ ਸਕੀਮਾਂ ਅਤੇ (iii) ਬਦਲੇ ਗਏ ਹਿੱਸਾ ਪੱਧਤੀ ਅਧੀਨ ਚਲਾਈਆਂ ਜਾਣ ਵਾਲੀਆਂ ਸਕੀਮਾਂ। ਭਾਰਤ ਸਰਕਾਰ ਤੋਂ ਇਹਨਾਂ ਸਕੀਮਾਂ ਸਬੰਧੀ ਵਿਸਤ੍ਰਿਤ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ।

ਖੇਤੀਬਾੜੀ

ਖੇਤੀਬਾੜੀ ਫ਼ਸਲੀਕਰਣ

39. ਪਿਛਲੇ ਚਾਰ ਦਹਾਕਿਆਂ ਤੋਂ ਦੇਸ਼ ਦੀ ਖ਼ੁਰਾਕ ਸੁਰੱਖਿਆ ਲਈ ਭਾਰਤ ਸਰਕਾਰ ਵਲੋਂ ਪ੍ਰਾਪਤ ਕੀਤੀ ਜਾ ਰਹੀ ਕਣਕ-ਚਾਵਲ ਦੀ ਮਾਤਰਾ ਦਾ ਪੰਜਾਬ 50-60 ਫ਼ੀਸਦ ਕਣਕ ਅਤੇ 35-40 ਫ਼ੀਸਦ ਚਾਵਲ ਦਾ ਯੋਗਦਾਨ ਪਾਉਂਦਾ ਹੈ। ਮੈਂ ਮੌਜੂਦਾ ਹਾੜੀ ਰੁੱਤ ਵਿਚ ਕਣਕ ਦਾ ਰਿਕਾਰਡ ਉਤਪਾਦਨ ਕਰਨ ਲਈ ਕਿਸਾਨਾਂ ਨੂੰ ਵਧਾਈ ਦਿੰਦਾ ਹਾਂ। ਰਾਜ ਵਲੋਂ ਪਿਛਲੇ ਸਾਲ 119 ਲੱਖ ਮੀਟ੍ਰਿਕ ਟਨ ਪ੍ਰਾਪਤੀ ਦੇ ਮੁਕਾਬਲੇ ਹਾੜੀ ਦੀ ਰੁੱਤ 2014 ਵਿਚ 176 ਲੱਖ ਮੀਟ੍ਰਿਕ ਟਨ ਤੱਕ ਦਾ ਕਣਕ ਦੇ ਉਤਪਾਦਨ ਦਾ ਉਛਾਲ ਆਇਆ। ਤਕਰੀਬਨ 4,778 ਕਰੋੜ ਰੁਪਏ ਦੀ ਲਾਗਤ ਦੀ ਕਿਸਾਨਾਂ ਨੂੰ ਦਿੱਤੀ ਗਈ ਮੁਫ਼ਤ ਬਿਜਲੀ ਨੇ ਇਸ ਸਬੰਧ ਵਿਚ ਬਹੁਤ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਰਾਜ ਸਰਕਾਰ ਨੇ ਸਾਲ 2014-15 ਵਿਚ ਰਾਜ ਵਿਚ ਕਣਕ ਅਤੇ ਝੋਨੇ ਦੀ ਖਰੀਦ ਲਈ 36,798 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਕੁਦਰਤੀ ਆਫ਼ਤਾਂ ਕਰਕੇ ਹੋਏ ਨੁਕਸਾਨ ਦੀ ਪੂਰਤੀ ਲਈ 2,000 ਤੋਂ 5,000 ਪ੍ਰਤੀ ਏਕੜ ਦੇ ਮੁਆਵਜ਼ੇ ਦਾ ਵਾਧਾ ਕੀਤਾ ਗਿਆ ਹੈ।

40. ਰਾਜ ਵਿਚ ਫ਼ਸਲੀ ਵਿਭਿੰਨਤਾ ਦੀ ਪ੍ਰਕਿਰਿਆ ਸਫ਼ਲਤਾਪੂਰਵਕ ਚਲ ਰਹੀ ਹੈ। ਚਾਰ ਮੱਕੀ ਸੁਕਾਉਣ ਵਾਲੀਆਂ ਡਰਾਈ ਇਕਾਈਆਂ ਲਗਾਈਆਂ ਗਈਆਂ ਹਨ ਅਤੇ ਤਿੰਨ ਹੋਰ ਇਕਾਈਆਂ ਪ੍ਰਗਤੀ ਅਧੀਨ ਹਨ। ਕਪਾਹ ਬੀਜਣ ਤੋਂ ਲੈ ਕੇ ਕਪਾਹ ਚੁਣਨ ਤੱਕ ਕਪਾਹ ਉਤਪਾਦਨ ਵਿਧੀ ਦਾ ਮਸ਼ੀਨੀਕਰਨ ਕਰਨ ਲਈ ਪ੍ਰਾਜੈਕਟ ਆਰੰਭ ਕੀਤਾ ਹੈ। ਹਰੇਕ ਸਾਲ ਤਕਰੀਬਨ 4,000 ਹੈਕਟੇਅਰ ਵਧੀਕ ਰਕਬੇ ਲਈ ਬਿਮਾਰੀ ਮੁਕਤ ਅਤੇ ਸਿਹਤਮੰਦ ਫ਼ਲਾਂ ਦੇ ਪੌਦੇ ਸਪਲਾਈ ਕੀਤੇ ਜਾਂਦੇ ਹਨ। ਇਸ ਖੇਤਰ ਦੀ ਬਿਹਤਰੀ ਲਈ ਖੱਟਾ ਪ੍ਰਜਾਤੀ, ਅਮਰੂਦ, ਲੀਚੀ ਅਤੇ ਨਾਸ਼ਪਾਤੀ (ਨਾਖਾਂ) ਫ਼ਲਾਂ ਦੇ ਵਿਕਾਸ ਨੂੰ ਪ੍ਰੋਤਸਾਹਿਤ

ਕਰਨ ਲਈ ਰਾਜ ਵਿਚ ਬਾਗਬਾਨੀ ਵਿਕਾਸ ਬੋਰਡ ਦੀ ਸਥਾਪਨਾ ਕੀਤੀ ਜਾ ਰਹੀ ਹੈ। ਪਟਿਆਲਾ, ਅਟਾਰੀ (ਅੰਮ੍ਰਿਤਸਰ) ਅਤੇ ਬੀੜ ਚੜਿਕ (ਮੋਗਾ) ਵਿਚ ਉਚ ਤਕਨੀਕੀ ਸਬਜ਼ੀ ਪਨੀਰੀ ਤਿਆਰ ਕਰਨ ਲਈ ਨਰਸਰੀਆਂ ਸਥਾਪਤ ਕਰਨ ਲਈ ਤਜਵੀਜ਼ ਹੈ। ਲਾਢੋਵਾਲ ਵਿਖੇ 200 ਏਕੜ ਭੂਮੀ ਵਿਚ ਬਹੁ ਉਤਪਾਦਨ ਮੈਗਾ ਫ਼ੂਡ ਪਾਰਕ ਸਥਾਪਤ ਕਰਨ ਦੀ ਤਜਵੀਜ਼ ਹੈ। ਜਲੰਧਰ ਜ਼ਿਲ੍ਹੇ ਵਿਚ ਫ਼ਲਾਂ ਅਤੇ ਸਬਜ਼ੀਆਂ ਲਈ ਆਹਲਾ ਦਰਜੇ ਦਾ ਫ਼ੂਡ ਪ੍ਰੋਸੈਸਿੰਗ ਯੂਨਿਟ-ਸਥਾਪਤ ਕੀਤਾ ਜਾ ਰਿਹਾ ਹੈ। ਕਰਤਾਰਪੁਰ (ਜਲੰਧਰ) ਵਿਖੇ 15 ਏਕੜ ਰਕਬੇ ਤੇ ਇਜ਼ਰਾਈਲ ਦੀ ਸਰਕਾਰ ਦੇ ਸਹਿਯੋਗ ਨਾਲ ਸਬਜ਼ੀਆਂ ਦੀ ਕਾਸ਼ਤਕਾਰੀ ਲਈ ਇਕ ਉੱਚ ਦਰਜੇ ਦੇ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ ਅਤੇ ਇੰਡੋ-ਡੱਚ ਇਕਰਾਰਨਾਮੇ ਤਹਿਤ ਪਿੰਡ ਧੋਗੜੀ (ਜਲੰਧਰ) ਵਿਖੇ ਆਲੂਆਂ ਲਈ ਇਕ ਉੱਚ ਦਰਜੇ ਦੇ ਕੇਂਦਰ ਦੀ ਸਥਾਪਨਾ ਕੀਤੀ ਜਾ ਰਹੀ ਹੈ। ਬੰਕਰ ਪ੍ਰਣਾਲੀ ਵਾਲੇ ਮੌਜੂਦਾ ਕੋਲਡ ਸਟੋਰਾਂ ਦਾ ਅਗਲੇ ਤਿੰਨ ਸਾਲਾਂ ਵਿਚ ਆਧੁਨਿਕੀਕਰਨ ਕਰਨਾ ਲਈ ਤਜਵੀਜ਼ ਕੀਤਾ ਗਿਆ ਹੈ।

41. ਸਾਡੀ ਸਰਕਾਰ ਰਾਜ ਵਿਚ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੇ ਮਜ਼ਬੂਤੀਕਰਨ ਲਈ ਵਚਨਬੱਧ ਹੈ ਅਤੇ ਮੈਂ ਖੇਤੀਬਾੜੀ ਸੈਕਟਰ ਲਈ 3,512 ਕਰੋੜ ਰੁਪਏ ਨਿਰਧਾਰਤ ਕਰਨ ਦੀ ਤਜਵੀਜ਼ ਕਰਦਾ ਹਾਂ। ਸਾਲਾਨਾ ਯੋਜਨਾ 2015-16 ਲਈ ਕੁਝ ਯੋਜਨਾਵਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ:-

- 600 ਕਰੋੜ ਰੁਪਏ - ਗੰਨਾ ਉਤਪਾਦਕਾਂ ਨੂੰ ਅਦਾਇਗੀ ਲਈ
- 300 ਕਰੋੜ ਰੁਪਏ - ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲਈ
- 230 ਕਰੋੜ ਰੁਪਏ -ਆਰ.ਕੇ.ਵੀ.ਵਾਈ. ਤਹਿਤ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੇ ਮਜ਼ਬੂਤੀਕਰਨ ਲਈ
- 63.50 ਕਰੋੜ ਰੁਪਏ - ਰਾਸ਼ਟਰੀ ਬਾਗਬਾਨੀ ਮਿਸ਼ਨ ਲਈ
- 50 ਕਰੋੜ ਰੁਪਏ - ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਲਈ

ਭੂਮੀ ਅਤੇ ਜਲ ਸੰਭਾਲ

42. ਸਰਕਾਰ, ਰਾਜ ਵਿਚ ਭੂਮੀ ਅਤੇ ਜਲ ਸੰਭਾਲ ਦੀ ਲੋੜ ਬਾਰੇ ਜਾਗਰੂਕ ਹੈ। ਅਗੇਤਾ ਝੋਨਾ ਲਗਾਉਣ ਤੇ ਰੋਕ ਲਗਾਉਣ ਵਰਗੇ ਮਸਲੇ ਦੇ ਹੱਲ ਲਈ ਸਰਕਾਰ ਵਲੋਂ ਬਹੁਤ ਸਾਰੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ

[ਵਿੱਤ ਮੰਤਰੀ]

ਕਿਸਾਨਾਂ ਨੂੰ ਸਬਸਿਡੀ ਵਾਲੀਆਂ ਮਸ਼ੀਨਾਂ ਜਿਵੇਂ ਕਿ ਹੈਪੀ ਸੀਡਰਜ਼, ਰੋਟਾਵੇਟਰ, ਜ਼ੀਰੋ-ਟਿਲ-ਡਰਿਲ, ਲੇਜ਼ਰ ਲੈਂਡ ਲੈਵਲਰਜ਼, ਬੇਲਰਜ਼, ਅਤੇ ਰੈਕਸ ਉਪਲੱਭਧ ਕਰਵਾਏ ਜਾ ਰਹੇ ਹਨ। ਉਪਲਬਧ ਜਲ ਅਤੇ ਭੂਮੀ ਸੰਭਾਲ ਉਪਾਵਾਂ ਦੀ ਉਚਿਤ ਵਰਤੋਂ ਲਈ ਲਈ ਮੈਂ 181 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

ਸਹਾਇਕ ਧੰਦੇ

43. ਪੇਂਡੂ ਖੇਤਰਾਂ ਵਿਚ ਵੱਡੀ ਰੁਜ਼ਗਾਰ ਸਿਰਜਨ ਸਮਰੱਥਾ ਹੋਣ ਕਰਕੇ ਇਹ ਸੈਕਟਰ ਸਰਕਾਰ ਦੇ ਵਿਸ਼ੇਸ਼ ਤੌਰ ਤੇ ਧਿਆਨ ਦਾ ਕੇਂਦਰ ਹੈ। ਪਸ਼ੂ ਧਨ ਸੈਕਟਰ ਨੂੰ ਵਧਾਉਣ ਲਈ ਡੇਅਰੀ, ਸੂਰ ਪਾਲਣ, ਬੱਕਰੀ ਪਾਲਣ ਅਤੇ ਮੱਛੀ ਪਾਲਣ ਲਈ ਸਲਾਹਕਾਰ ਬੋਰਡਾਂ ਦੀ ਸਥਾਪਨਾ ਕੀਤੀ ਗਈ ਹੈ। ਸਵੈਚਾਲਤ ਦੁੱਧ ਇਕੱਤਰਨ ਯੂਨਿਟਾਂ ਦੀ ਸਥਾਪਨਾ ਕਰਨ ਲਈ ਸਬਸਿਡੀ ਦਿਤੀ ਜਾਵੇਗੀ। ਕੀਮਤੀ ਮਸ਼ੀਨਰੀ ਨੂੰ ਕਿਰਾਏ ਤੇ ਦੇਣ ਲਈ ਪੰਜ ਡੇਅਰੀ ਸੇਵਾ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇਗੀ। ਨਸਲ ਸੁਧਾਰ ਲਈ, ਜ਼ਿਲਾ ਪਟਿਆਲਾ ਦੇ ਪਿੰਡ ਰੌਣੀ ਵਿਖੇ ਪਸ਼ੂ ਨਸਲ ਸੁਧਾਰ ਫਾਰਮ ਦੀ ਸਥਾਪਨਾ ਕੀਤੀ ਜਾ ਰਹੀ ਹੈ ਅਤੇ ਵੀਰਜ ਬੈਂਕ ਨਾਭਾ ਦਾ ਦਰਜਾ ਵਧਾਇਆ ਜਾ ਰਿਹਾ ਹੈ। ਜ਼ਿਲ੍ਹਾ ਬਠਿੰਡਾ ਵਿਚ ਰਾਮਪੁਰਾਫੂਲ ਵਿਖੇ ਇਕ ਨਵਾਂ ਪਸ਼ੂ ਚਕਿਤਸਾ ਕਾਲਜ ਸਥਾਪਤ ਕਰਨ ਦੀ ਤਜਵੀਜ਼ ਹੈ। ਮੱਛੀ ਪਾਲਣ ਸੈਕਟਰ ਦੇ ਵਿਕਾਸ ਲਈ ਚੀਨ ਨਾਲ ਇਕ ਇਕਰਾਰਨਾਮਾ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਜੋਧਪੁਰ ਰੁਮਾਣਾ ਵਿਚ ਇਕ ਖੇਤਰੀ ਖੋਜ ਕੇਂਦਰ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਜ਼ਿਲ੍ਹਾ ਬਠਿੰਡਾ ਅਤੇ ਅੰਮ੍ਰਿਤਸਰ ਵਿਖੇ ਆਧੁਨਿਕ ਸਵਸਥ ਥੋਕ ਮੱਛੀ ਮਾਰਕਿਟਾਂ ਦੀ ਸਥਾਪਨਾ ਕੀਤੀ ਜਾਵੇਗੀ। ਸਹਾਇਕ ਧੰਦਿਆਂ ਲਈ ਬਿਜਲੀ ਦੀਆਂ ਦਰਾਂ 7.75 ਰੁਪਏ ਪ੍ਰਤੀ ਯੂਨਿਟ ਤੋਂ ਘਟਾ ਕੇ 4.57 ਰੁਪਏ ਪ੍ਰਤੀ ਯੂਨਿਟ ਕਰ ਦਿੱਤੀਆਂ ਗਈਆਂ ਹਨ।

44. ਮੈਂ ਇਸ ਸਾਲ ਪਸ਼ੂ ਪਾਲਣ ਲਈ 451 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਰੱਖੀ ਹੈ। ਇਸ ਵਿਚੋਂ 20 ਕਰੋੜ ਰੁਪਏ ਗੁਰੂ ਅੰਗਦ ਦੇਵ ਵੈਟਰਨਰੀ ਸਾਇੰਸ ਯੂਨੀਵਰਸਿਟੀ (ਗਡਵਾਸੂ) ਲਈ ਰਾਖਵੇਂ ਕੀਤੇ ਗਏ ਹਨ।

ਕਿਰਸਾਨੀ ਕਰਜ਼ੇ

45. ਰਾਜ ਵਿਚ ਕਿਸਾਨਾਂ ਦੇ ਕਰਜ਼ਿਆਂ ਦੀ ਗੰਭੀਰ ਸਮੱਸਿਆ ਹੈ।

ਸਾਲ 2010-2011 ਦੌਰਾਨ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੇ 4,688 ਪਰਿਵਾਰਾਂ ਨੂੰ ਸਾਲ 2012-14 ਦੌਰਾਨ 94 ਕਰੋੜ ਰੁਪਏ ਵੰਡੇ ਗਏ ਹਨ। ਕਿਸਾਨਾਂ ਦੇ ਪਰਿਵਾਰਾਂ ਦੀ ਸੰਭਾਲ ਲਈ ਰਾਜ ਨੇ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ 20 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ।

ਖੁਰਾਕ ਅਤੇ ਸਿਵਲ ਸਪਲਾਈ

46. ਸਾਡੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਸਾਰੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਅੰਦਰ ਰਹਿਣ। ਇਸ ਮੰਤਵ ਲਈ ਆਟਾ ਦਾਲ ਸਕੀਮ ਚਾਲੂ ਕੀਤੀ ਗਈ ਹੈ। ਸਾਲ 2015-16 ਵਿਚ ਨਵੀਂ ਆਟਾ ਦਾਲ ਸਕੀਮ ਲਈ 400 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਅਤੇ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਚਾਲੂ ਸਾਲ ਦੌਰਾਨ 8,70,000 ਮੀਟਰਿਕ ਟਨ ਕਣਕ ਅਤੇ 65,000 ਮੀਟਰਿਕ ਟਨ ਦਾਲਾਂ ਵੰਡੀਆਂ ਜਾਣਗੀਆਂ।

ਪੇਂਡੂ ਵਿਕਾਸ

47. ਸ਼੍ਰੀਮਾਨ ਜੀ, ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਸਕੀਮ ਨੇ ਪੇਂਡੂ ਲੋਕਾਂ ਦੀ ਉਪਜੀਵਕਾ ਸੁਰੱਖਿਆ ਨੂੰ ਵਧਾਉਣ ਵਿਚ ਕਾਰਗਰ ਸਿੱਧ ਹੋਈ ਹੈ। ਮੈਂ ਵਿੱਤੀ ਸਾਲ 2015-16 ਲਈ ਇਸ ਸਕੀਮ ਤਹਿਤ 233 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

48. ਪੇਂਡੂ ਵਿਕਾਸ ਲਈ ਕੁੱਲ 1,710 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਚ ਮੁੱਖ ਮੰਤਰੀ ਪੇਂਡੂ ਵਿਕਾਸ ਯੋਜਨਾ ਦੇ 600 ਕਰੋੜ ਰੁਪਏ ਵੀ ਸ਼ਾਮਲ ਹਨ।

ਜਲ ਸਪਲਾਈ ਅਤੇ ਸਾਫ ਸਫਾਈ

49. ਸ਼੍ਰੀਮਾਨ ਜੀ, ਸਾਡੇ ਨਾਗਰਿਕਾਂ ਨੂੰ ਸਾਫ਼ ਜਲ ਮੁਹੱਈਆ ਕਰਾਉਣ ਲਈ, ਰਾਜ ਦੇ ਪੇਂਡੂ ਖੇਤਰਾਂ ਵਿਚ 1,824 ਆਰ.ਓ. ਸਿਸਟਮ ਸਥਾਪਤ ਕੀਤੇ ਗਏ ਅਤੇ ਸਾਲ 2015-16 ਦੌਰਾਨ 561 ਹੋਰ ਆਰ.ਓ. ਸਿਸਟਮ ਲਗਾਏ ਜਾਣਗੇ। ਇਸ ਸੈੱਕਟਰ ਅਧੀਨ ਵੱਖ ਵੱਖ ਸਕੀਮਾਂ ਲਈ ਮੈਂ ਹੇਠ ਲਿਖੇ ਪਲਾਨ ਅਨੁਸਾਰ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

[ਵਿੱਤ ਮੰਤਰੀ]

- 150 ਕਰੋੜ ਰੁਪਏ – ਦੂਸਰੇ ਪੰਜਾਬ ਪੇਂਡੂ ਜਲ ਸਪਲਾਈ ਅਤੇ ਸਫ਼ਾਈ ਖੇਤਰ ਵਿਚ ਸੁਧਾਰ ਲਈ- ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰੋਜੈਕਟ
- 100 ਕਰੋੜ ਰੁਪਏ – ਪੰਜਾਬ ਦੇ ਵਿਭਿੰਨ ਜ਼ਿਲ੍ਹਿਆਂ ਵਿਚ ਘਟੋ ਘੱਟ ਪੀਣਯੋਗ ਪਾਣੀ ਮੁਹੱਈਆ ਕਰਾਉਣ ਲਈ ਆਰ.ਓ. ਸਿਸਟਮ ਲਗਾਉਣ ਲਈ
- 25 ਕਰੋੜ ਰੁਪਏ- ਰਾਸ਼ਟਰੀ ਪੇਂਡੂ ਪੀਣਯੋਗ ਜਲ ਪ੍ਰੋਗ੍ਰਾਮ (ਐੱਨ.ਆਰ.ਡੀ.ਡਬਲਿਊ.ਪੀ.) ਲਈ
- 80 ਕਰੋੜ ਰੁਪਏ – ਸਵੱਛ ਭਾਰਤ ਅਭਿਆਨ ਲਈ

ਸ਼ਹਿਰੀ ਵਿਕਾਸ

50. ਰਾਜ ਸਰਕਾਰ ਰਾਜ ਦੀਆਂ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿਚ ਜਲ ਸਪਲਾਈ, ਸੀਵਰੇਜ਼ ਅਤੇ ਸੀਵੇਜ ਸ਼ੁੱਧੀਕਰਨ ਪਲਾਂਟ ਮੁਹੱਈਆ ਕਰਾਉਣ ਲਈ 7,586 ਕਰੋੜ ਰੁਪਏ ਦੀ ਕਾਰਜੀ ਯੋਜਨਾ ਨੂੰ ਅਮਲ ਵਿਚ ਲਿਆ ਰਹੀ ਹੈ। ਇਹਨਾਂ ਵਿਚੋਂ 3,866 ਕਰੋੜ ਰੁਪਏ ਦੀ ਰਕਮ ਦੇ ਕੰਮ ਪਹਿਲਾਂ ਹੀ ਹੋ ਰਹੇ ਹਨ। ਰਾਜ ਸਰਕਾਰ ਕੇਂਦਰੀ ਬਜਟ 2015-16 ਦੀਆਂ ਨਵੀਆਂ ਘੋਸ਼ਿਤ ਕੀਤੀਆਂ ਸਕੀਮਾਂ ਅਧੀਨ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਭਾਰਤ ਸਰਕਾਰ ਨਾਲ ਸਰਗਰਮੀ ਨਾਲ ਕਾਰਜ ਕਰੇਗਾ ਜਿਵੇਂ ਕਿ 100 ਸਮਾਰਟ ਸ਼ਹਿਰਾਂ ਦੇ ਵਿਕਾਸ ਲਈ ਮਿਸ਼ਨ, ਸ਼ਹਿਰੀ ਪੁਨਰ ਸੁਧਾਰ ਮਿਸ਼ਨ-500 ਆਬਾਦੀਆਂ ਅਤੇ ਸਰਦਾਰ ਪਟੇਲ ਸ਼ਹਿਰੀ ਮਕਾਨ ਉਸਾਰੀ ਆਦਿ।

51. ਸਾਲ 2015-16 ਦੌਰਾਨ ਮਕਾਨ ਉਸਾਰੀ ਲਈ ਨਵੀਆਂ ਪਹਿਲਕਦਮੀਆਂ ਨਿਮਨ ਅਨੁਸਾਰ ਹਨ:

- ਈਕੋਸਿਟੀ- ਫੇਜ਼-II -310 ਏਕੜ ਦੇ ਖੇਤਰ ਵਿਚ ਵਿਕਸਿਤ ਕੀਤਾ ਜਾਵੇਗਾ।
- ਮੈਡੀਸਿਟੀ- ਫੇਜ਼-II -160 ਏਕੜ ਜ਼ਮੀਨ ਪ੍ਰਾਪਤ ਕੀਤੀ ਗਈ ਜਿਸ ਵਿਚੋਂ 10 ਏਕੜ ਜ਼ਮੀਨ ਮੈਕਸ ਹੈਲਥ ਕੇਅਰ ਸੰਸਥਾ, ਚੇਤੰਨਿਆ ਹਸਪਤਾਲ, ਜਿੰਦਲ ਆਈ.ਵੀ.ਐਫ. ਨਰਸਿੰਗ ਹੋਮ

ਅਤੇ ਗਰੇਵਾਲ ਆਈ ਸੰਸਥਾ ਨੂੰ ਅਲਾਟ ਕੀਤੀ ਗਈ।

- ਐਜੂਸਿਟੀ - ਗਮਾਡਾ, 300 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਐਜੂਸਿਟੀ ਦੇ ਵਿਕਾਸ ਲਈ 309 ਏਕੜ ਜ਼ਮੀਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚ ਹੈ ਅਤੇ ਸਾਲ 2015-16 ਵਿਚ 300 ਕਰੋੜ ਰੁਪਏ ਦੀ ਰਾਸ਼ੀ ਫ਼ਰਚ ਕੀਤੇ ਜਾਣ ਦੀ ਤਜਵੀਜ਼ ਹੈ।

52. ਸਾਲ 2015-16 ਲਈ ਸ਼ਹਿਰੀ ਖੇਤਰ ਲਈ 3126 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਸਿੰਜਾਈ

53. ਸਿੰਜਾਈ ਸਿਧਾਂਤਕ ਤੌਰ ਤੇ ਇਸ ਸਾਲ ਦੀ ਯੋਜਨਾ ਦੇ ਮਹੱਤਵਪੂਰਣ ਕੇਂਦਰਿਤ ਖੇਤਰ ਵਿਚੋਂ ਹੈ। ਸਾਲ 2015-16 ਵਿਚ ਸਿੰਜਾਈ ਲਈ 1,005 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮਹੱਤਵਪੂਰਣ ਸਕੀਮਾਂ ਨਿਮਨ ਅਨੁਸਾਰ ਹਨ:-

- 134 ਕਰੋੜ ਰੁਪਏ - ਰਾਜਸਥਾਨ ਫੀਡਰ ਪ੍ਰਾਜੈਕਟ ਦੀ ਰੀ-ਲਾਈਨਿੰਗ ਲਈ - (2015 ਤੋਂ 2019 ਤਕ 4 ਸਾਲਾਂ ਵਿਚ ਮੁਕੰਮਲ ਹੋਣ ਵਾਲੇ ਪ੍ਰਾਜੈਕਟ ਦੀ ਲਾਗਤ 952 ਕਰੋੜ ਰੁਪਏ ਹੈ)
- 100 ਕਰੋੜ ਰੁਪਏ - ਸਰਹੰਦ ਫੀਡਰ ਪ੍ਰਾਜੈਕਟ ਦੀ ਰੀ-ਲਾਈਨਿੰਗ ਲਈ (2015 ਤੋਂ 2019 ਤਕ 4 ਸਾਲਾਂ ਵਿਚ ਪੂਰੇ ਹੋਣ ਵਾਲੇ ਇਸ ਪ੍ਰਾਜੈਕਟ ਦੀ ਲਾਗਤ 614 ਕਰੋੜ ਰੁਪਏ ਹੈ)
- 83 ਕਰੋੜ ਰੁਪਏ - ਕੰਡੀ ਨਹਿਰ ਪੜਾਅ-II ਪ੍ਰਾਜੈਕਟ ਦੇ ਬਾਕੀ ਰਹਿੰਦੇ 14 ਕਿਲੋਮੀਟਰ ਨੂੰ ਮੁਕੰਮਲ ਕਰਨ ਲਈ।
- 50 ਕਰੋੜ ਰੁਪਏ - ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ ਦੀ ਉਸਾਰੀ ਲਈ (2015-18 ਤੋਂ ਸ਼ੁਰੂ ਹੋ ਕੇ ਤਿੰਨ ਸਾਲਾਂ ਵਿਚ ਮੁਕੰਮਲ ਹੋਣ ਵਾਲੇ ਪਾਵਰ ਕੰਪੋਨੈਂਟ ਸਮੇਤ ਪ੍ਰਾਜੈਕਟ ਦੀ ਲਾਗਤ 2286 ਕਰੋੜ ਰੁਪਏ ਹੈ।
- 135 ਕਰੋੜ ਰੁਪਏ - ਸਹਾਇਕ ਨਦੀਆਂ ਅਤੇ ਛੋਟੇ ਨਾਲਿਆਂ ਦੀ ਮੁੜ ਉਸਾਰੀ ਲਈ।
- 211 ਕਰੋੜ ਰੁਪਏ - ਜਲ ਪ੍ਰਵਾਹ ਮਾਰਗਾਂ ਦੀ ਉਸਾਰੀ/ਲਾਈਨਿੰਗ ਲਈ, ਜਿਸ ਵਿਚ ਸ਼ਾਮਲ ਹਨ:-

[ਵਿੱਤ ਮੰਤਰੀ]

ੳ.) 50 ਕਰੋੜ ਰੁਪਏ - ਰਾਜ ਵਿਚ ਵੱਖ-ਵੱਖ ਸਹਾਇਕ ਨਦੀਆਂ ਅਤੇ ਖੇਤਰੀ ਨਾਲਿਆਂ ਦੀ ਮੁੜ ਉਸਾਰੀ ਲਈ

ਅ.) 30 ਕਰੋੜ ਰੁਪਏ - ਕੋਟਲਾ ਸ਼ਾਖਾ ਭਾਗ 2 ਦੇ ਖੇਤਰੀ ਨਾਲਿਆਂ ਦੀ ਉਸਾਰੀ ਲਈ (ਸਾਲ 2015-18 ਤੱਕ ਦੇ ਤਿੰਨ ਸਾਲਾਂ ਵਿਚ ਪੂਰੇ ਹੋਣ ਵਾਲੇ ਪ੍ਰਾਜੈਕਟ ਦੀ ਲਾਗਤ 950 ਕਰੋੜ ਰੁਪਏ ਹੈ)

- 190 ਕਰੋੜ ਰੁਪਏ - ਸੇਮ ਸਮੱਸਿਆ ਅਤੇ ਹੜ੍ਹ ਸੁਰੱਖਿਆ ਲਈ, ਜਿਸ ਵਿਚ ਸ਼ਾਮਿਲ ਹਨ:-

ੳ.) 150 ਕਰੋੜ ਰੁਪਏ - ਪੰਜਾਬ ਦੇ ਦੱਖਣ-ਪੱਛਮ ਜ਼ਿਲ੍ਹਿਆਂ ਵਿਚ ਸੇਮ ਸਮੱਸਿਆ ਦੇ ਉਪਾਵਾਂ ਲਈ।

54. ਵਿੱਤੀ ਸਾਲ 2015-16 ਵਿਚ ਰਾਜ ਦੀਆਂ ਵਿਭਿੰਨ ਨਹਿਰਾਂ ਦੀ ਸਫਾਈ ਲਈ ਰਾਜ ਸਰਕਾਰ ਦੁਆਰਾ 15 ਕਰੋੜ ਰੁਪਏ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ ਜਲ ਉਪ ਕਰ ਵਜੋਂ ਇਕੱਤਰ ਕੀਤੀ 55.00 ਕਰੋੜ ਰੁਪਏ ਦੀ ਰਕਮ ਰਾਜ ਵਿਚ ਨਾਲਿਆਂ ਅਤੇ ਸਹਾਇਕ ਨਦੀਆਂ ਦੀ ਸਾਂਭ-ਸੰਭਾਲ, ਮੁਰੰਮਤ ਅਤੇ ਆਧੁਨਿਕੀਕਰਨ ਉਪਰ ਖ਼ਰਚੇ ਜਾਣਗੇ।

ਬਿਜਲੀ

55. ਪੰਜਾਬ ਨੂੰ ਵਾਧੂ ਬਿਜਲੀ ਵਾਲੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ ਪਿਛਲੇ ਸਾਲ ਰਾਜਪੁਰਾ ਥਰਮਲ ਪਾਵਰ ਪਲਾਂਟ (700 ਮੈਗਾਵਾਟ) ਦਾ ਪਹਿਲਾ ਯੂਨਿਟ ਅਤੇ ਦੂਸਰਾ ਯੂਨਿਟ ਆਰੰਭ ਕੀਤਾ ਗਿਆ ਸੀ। ਤਲਵੰਡੀ ਸਾਬੋ (1,980 ਮੈਗਾਵਾਟ) ਦਾ 660 ਮੈਗਾਵਾਟ ਦਾ ਪਹਿਲਾ ਯੂਨਿਟ ਆਰੰਭ ਕਰ ਦਿੱਤਾ ਗਿਆ ਹੈ ਅਤੇ ਬਾਕੀ ਦੇ ਦੋ ਯੂਨਿਟ ਛੇਤੀ ਹੀ ਸ਼ੁਰੂ ਹੋ ਜਾਣਗੇ। 540 ਮੈਗਾਵਾਟ ਦਾ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਜਲਦੀ ਹੀ ਕਾਰਜਸ਼ੀਲ ਹੋ ਜਾਣ ਦੀ ਸੰਭਾਵਨਾ ਹੈ। 206 ਮੈਗਾਵਾਟ ਵਾਲੇ ਸ਼ਾਹਪੁਰ ਕੰਢੀ ਡੈਮ ਦੀ ਉਸਾਰੀ ਦਾ ਕੰਮ ਟੀਚੇ ਅਨੁਸਾਰ ਹੈ।

56. ਰਾਜ ਨੇ ਆਪਣੇ ਕਿਸਾਨਾਂ ਅਤੇ ਪੇਂਡੂ ਗਰੀਬ ਲੋਕਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਪਾਵਰ ਕਾਰਪੋਰੇਸ਼ਨ ਦੀ ਮੁਆਵਜ਼ਾ ਪੂਰਤੀ ਵਾਸਤੇ ਸਾਲ 2015-16 ਲਈ 5,500 ਕਰੋੜ ਰੁਪਏ ਰਾਖਵੇਂ ਕੀਤੇ ਹਨ। ਮੈਂ ਰਹਿੰਦੀਆਂ ਢਾਹਣੀਆਂ ਨੂੰ ਸ਼ਹਿਰੀ ਤਰਜ਼ ਉੱਤੇ 24 ਘੰਟੇ ਬਿਜਲੀ ਸਪਲਾਈ

ਮੁਹੱਈਆ ਕਰਵਾਉਣ ਲਈ 50 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਵੀ ਕੀਤੀ ਹੈ।

57. ਸਾਲਾਨਾ ਯੋਜਨਾ 2015-16 ਅਧੀਨ ਇਸ ਖੇਤਰ ਵਿਚ ਮੁੱਖ ਰਾਖਵੇਂਕਰਨ ਹੇਠ ਲਿਖੇ ਅਨੁਸਾਰ ਹਨ:

- 960 ਕਰੋੜ ਰੁਪਏ - ਸੰਚਾਰ ਲਈ;
- 1040 ਕਰੋੜ ਰੁਪਏ - ਉਤਪਾਦਨ ਲਈ;
- 1750 ਕਰੋੜ ਰੁਪਏ - ਵੰਡ ਲਈ, ਜਿਸ ਵਿਚ 950 ਕਰੋੜ ਰੁਪਏ ਪੁਨਰਗਠਿਤ ਗਤੀਸ਼ੀਲ ਬਿਜਲੀ ਵਿਕਾਸ ਅਤੇ ਸੁਧਾਰ ਪ੍ਰੋਗਰਾਮ ਲਈ; ਅਤੇ
- 50 ਕਰੋੜ ਰੁਪਏ - ਬਾਕੀ ਰਹਿੰਦੀਆਂ ਢਾਣੀਆਂ ਨੂੰ ਸ਼ਹਿਰੀ ਤਰਜ਼ ਉੱਤੇ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ।

ਨਵਿਆਉਣਯੋਗ ਊਰਜਾ

58. ਮੌਜੂਦਾ ਸਮੇਂ ਰਾਜ ਵਿਚ 758 ਮੈਗਾਵਾਟ ਸਮਰੱਥਾ ਵਾਲੇ ਨਵਿਆਉਣ ਯੋਗ ਊਰਜਾ ਪ੍ਰਾਜੈਕਟ ਕਾਰਜਸ਼ੀਲ ਹਨ। ਡੇਰਾ ਬਿਆਸ ਜ਼ਿਲ੍ਹਾ ਅੰਮ੍ਰਿਤਸਰ ਵਿਖੇ 7.50 ਮੈਗਾਵਾਟ ਸਮਰੱਥਾ ਵਾਲਾ ਭਾਰਤ ਦਾ ਸਭ ਤੋਂ ਵੱਡਾ ਰੂਫ ਟਾਪ ਸੋਲਰ ਪਾਵਰ ਪਲਾਂਟ ਆਰੰਭ ਹੋ ਚੁੱਕਿਆ ਹੈ ਅਤੇ ਹੈਬੋਵਾਲ, ਡੇਅਰੀ ਕੰਪਲੈਕਸ, ਲੁਧਿਆਣਾ ਵਿਖੇ ਵਿਸ਼ਵ ਦਾ ਸਭ ਤੋਂ ਵੱਡਾ ਗੋਬਰ ਅਧਾਰਿਤ ਬਾਇਓ ਸੀ.ਐੱਨ.ਜੀ. ਪਲਾਂਟ ਨਿਰਮਾਣ ਅਧੀਨ ਹੈ।ਮਾਰਚ, 2015 ਤੱਕ ਸੋਲਰ ਪਾਵਰ ਪ੍ਰਾਜੈਕਟਾਂ ਦੀ ਸਥਾਪਤ ਸਮਰੱਥਾ 150 ਮੈਗਾਵਾਟ ਤੋਂ ਵਧਾ ਕੇ 215 ਮੈਗਾਵਾਟ ਤੱਕ ਕੀਤੇ ਜਾਣ ਦਾ ਟੀਚਾ ਹੈ।(ਥੰਪਿੰਗ) "ਬਣਾਓ, ਅਪਨਾਓ, ਚਲਾਓ " (ਬੀ.ਓ.ਓ.) ਆਧਾਰ ਉੱਤੇ ਇਕ ਹੋਰ 229 ਮੈਗਾਵਾਟ ਸਮਰੱਥਾ ਦਾ ਸੋਲਰ ਪ੍ਰੋਜੈਕਟ ਸਫਲਤਾਪੂਰਵਕ ਅਲਾਟ ਕੀਤਾ ਗਿਆ ਹੈ। ਅਗਲੇ ਤਿੰਨ ਸਾਲਾਂ ਵਿਚ ਇੱਕ ਲੱਖ ਘਰਾਂ ਨੂੰ ਕਵਰ ਕਰਨ ਦੇ ਟੀਚੇ ਨਾਲ ਰਾਜ ਵਿਚ ਸੋਲਰ ਰੂਫ ਟਾਪ ਪ੍ਰੋਗਰਾਮ ਉਪਰ ਮੁੱਖ ਜ਼ੋਰ ਦੇਣ ਲਈ ਰਾਜ ਸਰਕਾਰ ਨੇ ਨੈੱਟ ਮੀਟਰਿੰਗ ਪਾਲਿਸੀ ਅਧਿਸੂਚਿਤ ਕੀਤੀ ਹੈ। ਸਾਲਾਨਾ ਯੋਜਨਾ 2015-16 ਵਿਚ 1.50 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀ ਵਸੋਂ ਲਈ ਰੂਫ ਟਾਪ ਪ੍ਰੋਗਰਾਮ ਇੱਕ

[ਵਿੱਤ ਮੰਤਰੀ]

ਆਰੰਭਕ ਪ੍ਰਾਜੈਕਟ ਵਜੋਂ ਸ਼ਾਮਿਲ ਕੀਤਾ ਗਿਆ ਹੈ।

ਉਦਯੋਗ

59. ਰਾਜ ਸਰਕਾਰ ਨੇ ਪੰਜਾਬ ਦੇ ਉਦਯੋਗਿਕ ਵਿਕਾਸ ਨੀਤੀ 2013 ਲਈ ਵਿੱਤੀ ਪ੍ਰੋਤਸਾਹਨ ਲਾਗੂ ਕੀਤੇ ਹਨ ਜਿਸ ਤਹਿਤ ਪੰਜਾਬ ਰਾਜ ਵਿੱਚ ਉਦਯੋਗਿਕ ਨਿਵੇਸ਼ਾਂ ਨੂੰ ਉਤਸਾਹਿਤ ਕਰਨ ਲਈ ਸੂਚਨਾ ਤਕਨਾਲੋਜੀ ਅਤੇ ਨਾਲਜ ਅਧਾਰਤ ਉਦਯੋਗਾਂ, ਅਨਾਜ ਖੇਤੀ ਅਧਾਰਤ ਉਦਯੋਗਾਂ ਅਤੇ ਫੂਡ ਪ੍ਰਾਸੈਸਿੰਗ ਉਦਯੋਗਾਂ ਲਈ ਰਿਆਇਤਾਂ ਦੇ ਵਿਸ਼ੇਸ਼ ਪੈਕੇਜ ਮੁਹੱਈਆ ਕਰਵਾਏ ਗਏ ਹਨ। ਵਪਾਰਕ ਪ੍ਰਕਿਰਿਆ ਨੂੰ ਸੁਖਾਲਾ ਕਰਨ ਲਈ, ਪੰਜਾਬ ਨਿਵੇਸ਼ ਵਿਕਾਸ ਬਿਊਰੋ ਦੀ ਵੀ ਸਥਾਪਨਾ ਕੀਤੀ ਗਈ ਹੈ। ਬਿਊਰੋ ਵਿਚ ਲਗਭਗ 9,600 ਕਰੋੜ ਰੁਪਏ ਦੇ ਤਜਵੀਜ਼ਤ ਨਿਵੇਸ਼ ਨਵਾਲੀਆਂ 153 ਤਜਵੀਜ਼ਾਂ ਪ੍ਰਾਪਤ ਹੋਈਆਂ ਹਨ।

60. ਰਾਜ ਵਿਚ ਟੈਕਸਟਾਈਲ ਉਦਯੋਗ ਦੇ ਵਿਕਾਸ ਲਈ ਚਾਰ ਟੈਕਸਟਾਈਲ ਪਾਰਕਾਂ ਦੀ ਸਥਾਪਨਾ ਕੀਤੀ ਗਈ ਹੈ। ਮੈਂ ਫੋਕਲ ਪੁਆਇੰਟਾਂ ਵਾਸਤੇ 10 ਕਰੋੜ ਅਤੇ ਉੱਤਰੀ ਭਾਰਤੀ ਫੈਸ਼ਨ ਤਕਨਾਲੋਜੀ ਸੰਸਥਾ (ਐੱਨ.ਆਈ.ਐੱਫ.ਟੀ.) ਦੀ ਸਕੀਮ ਲਈ 01 ਕਰੋੜ ਰੁਪਏ ਰਾਖਵੇਂ ਰੱਖਣ ਦੀ ਤਜਵੀਜ਼ ਪੇਸ਼ ਕਰਦਾ ਹਾਂ।

ਸੜਕਾਂ ਅਤੇ ਪੁਲ

61. ਸਾਲ 2015-16 ਵਾਸਤੇ ਸੜਕੀ ਬੁਨਿਆਦੀ ਢਾਂਚੇ ਲਈ 2,018 ਕਰੋੜ ਰੁਪਏ ਖ਼ਰਚਣ ਦੀ ਤਜਵੀਜ਼ ਹੈ। ਕੌਮੀ ਸ਼ਾਹ ਮਾਰਗਾਂ ਲਈ 3,000 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

62. ਸਾਲ 2015-16 ਲਈ ਮੁੱਖ ਯੋਜਨਾ ਅਨੁਸਾਰ ਰਾਖਵੇਂਕਰਨ ਇਸ ਤਰ੍ਹਾਂ ਹਨ:-

- 700 ਕਰੋੜ ਰੁਪਏ - ਪੇਂਡੂ ਸੜਕਾਂ ਦੇ ਮਜ਼ਬੂਤੀਕਰਨ ਲਈ।
- 100 ਕਰੋੜ ਰੁਪਏ - ਪੰਜਾਬ ਰਾਜ ਸੜਕ ਸੈੱਕਟਰ ਪ੍ਰਾਜੈਕਟ ਅਧੀਨ 150 ਕਿਲੋਮੀਟਰ ਸੜਕਾਂ ਲਈ।
- 100 ਕਰੋੜ ਰੁਪਏ - ਸੜਕਾਂ ਨੂੰ ਚੌੜਾ ਕਰਨ ਅਤੇ ਪੁਲਾਂ ਦੀ ਉਸਾਰੀ ਲਈ ਨਬਾਰਡ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਲਈ।

- 150 ਕਰੋੜ ਰੁਪਏ - ਪਲਾਨ ਸੜਕਾਂ ਦੀ ਵਿਸ਼ੇਸ਼ ਮੁਰਮੰਤ ਲਈ।
- 66 ਕਰੋੜ ਰੁਪਏ - ਉੱਚ ਪੱਧਰੀ ਪੁਲਾਂ ਲਈ ।
- 64 ਕਰੋੜ ਰੁਪਏ -ਰੇਲਵੇ ਓਵਰ ਬ੍ਰਿਜ / ਰੇਲਵੇ ਅੰਡਰ ਬ੍ਰਿਜ ਲਈ ।
- 70 ਕਰੋੜ ਰੁਪਏ -ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਸੈਂਟਰ ਰੋਡ ਫੰਡ।
- 302 ਕਰੋੜ ਰੁਪਏ -ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ।

ਟਰਾਂਸਪੋਰਟ

63. ਪੰਜਾਬ ਸਰਕਾਰ, ਪੰਜਾਬ ਰੋਡਵੇਜ਼ / ਪਨਬੱਸ ਦੀਆਂ 1,680 ਬੱਸਾਂ ਰਾਹੀਂ ਰਾਜ ਦੇ ਲੋਕਾਂ ਨੂੰ ਸੁਰੱਖਿਅਤ ਅਤੇ ਸਸਤੀਆਂ ਸਫ਼ਰ ਸਹੂਲਤਾਂ ਮੁਹੱਈਆ ਕਰਨ ਲਈ ਵਚਨਬੱਧ ਹੈ। ਡਿਪੂਆਂ ਦੇ ਚੰਗੇ ਪ੍ਰਬੰਧ ਲਈ ਪੰਜਾਬ ਰੋਡਵੇਜ਼ / ਪਨਬੱਸ ਦੇ ਸਾਰੇ ਡਿਪੂਆਂ ਦਾ ਕੰਪੀਊਟਰੀਕ੍ਰਿਤ ਕੀਤਾ ਜਾ ਰਿਹਾ ਹੈ। ਪਨਬਸ ਵੱਲੋਂ ਸਰਕਾਰੀ ਵਿੱਤੀ ਘਾਟੇ ਨੂੰ ਰੋਕਣ ਲਈ 300 ਬੱਸਾਂ ਵਿੱਚ ਜੀ.ਪੀ.ਐਸ ਪ੍ਰਣਾਲੀ ਲਾਗੂ ਕਰਨ ਲਈ 3.25 ਕਰੋੜ ਰੁਪਏ ਦੀ ਲਾਗਤ ਨਾਲ 1,800 ਇਲੈਕਟ੍ਰਾਨਿਕ ਮਸ਼ੀਨਾਂ ਦੀ ਖ਼ਰੀਦ ਕੀਤੀ ਜਾ ਰਹੀ ਹੈ। ਟਰਾਂਸਪੋਰਟ ਸੈੱਕਟਰ ਲਈ 818 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਹੈ। ਸਾਲ 2015-16 ਲਈ ਤਜਵੀਜ਼ਤ ਯੋਜਨਾਵਾਂ ਨਿਮਨ ਅਨੁਸਾਰ ਹਨ:-

- 42.75 ਕਰੋੜ ਰੁਪਏ ਪੰਜਾਬ ਰੋਡਵੇਜ਼ ਵਿੱਚ 225 ਨਵੀਆਂ ਬੱਸਾਂ ਸ਼ਾਮਲ ਕਰਨ ਲਈ 75.00 ਕਰੋੜ ਰੁਪਏ ਪਨਬਸ ਵਿਚ 315 ਨਵੀਆਂ ਬੱਸਾਂ ਖਰੀਦਣ ਲਈ।
- ਪਨਬਸ ਕੋਲੋਂ 265 ਕਰਜ਼ਾ ਮੁਕਤ ਬੱਸਾਂ ਲੈ ਕੇ ਪੰਜਾਬ ਰੋਡਵੇਜ਼ ਦੇ ਮੌਜੂਦਾ ਬੱਸ ਸਮੂਹ ਨੂੰ ਬਦਲਣਾ।
- ਨਿੱਜੀ ਭਾਈਵਾਲੀ ਯੋਜਨਾ ਪ੍ਰਣਾਲੀ (ਪੀ.ਪੀ.ਪੀ. ਮੋਡ) ਰਾਹੀਂ 32 ਆਟੋਮੈਟਿਕ ਡ੍ਰਾਈਵਿੰਗ ਟੈੱਸਟ ਅਤੇ ਆਟੋਮੈਟਿਕ ਵਹੀਕਲ ਫਿਟਨੈਸ ਕੇਂਦਰ ਸਥਾਪਤ ਕਰਨੇ।

[ਵਿੱਤ ਮੰਤਰੀ]

ਸ਼ਹਿਰੀ ਹਵਾਬਾਜ਼ੀ

64. ਹਵਾਈ ਟਰਮੀਨਲ ਅਤੇ ਹਵਾਈ ਅੱਡਿਆਂ ਦੇ ਵਿਸਤਾਰ ਲਈ 13 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮੋਹਾਲੀ ਵਿਖੇ ਚੰਡੀਗੜ੍ਹ ਇੰਟਰਨੈਸ਼ਨਲ ਸਿਵਲ ਟਰਮੀਨਲ ਦਾ ਪਹਿਲਾ ਪੜਾਅ ਮੁਕੰਮਲ ਹੋ ਗਿਆ ਹੈ ਅਤੇ ਇਹ ਛੇਤੀ ਹੀ ਚਾਲੂ ਹੋ ਜਾਵੇਗਾ। ਚੰਡੀਗੜ੍ਹ ਹਵਾਈ ਅੱਡੇ ਦੇ ਮੌਜੂਦਾ ਟਰਮੀਨਲ ਤੋਂ ਜਲਦੀ ਹੀ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਹੋਣ ਦੀ ਆਸ ਹੈ। ਸਾਹਨੇਵਾਲ ਪੱਟੀ ਨੂੰ ਪੂਰਨ ਹਵਾਈ ਅੱਡੇ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਬਠਿੰਡਾ ਨੇੜੇ ਭੀਸੀਆਣਾ ਵਿਖੇ ਭਾਰਤੀ ਏਅਰਫੋਰਸ ਸਟੇਸ਼ਨ ਤੋਂ ਦੋ ਸ਼ਹਿਰੀ ਵਪਾਰਕ ਉਡਾਣਾਂ ਸ਼ੁਰੂ ਕਰਨ ਲਈ ਪ੍ਰਵਾਨਗੀ ਪ੍ਰਾਪਤ ਕਰ ਲਈ ਗਈ ਹੈ।

ਸਿੱਖਿਆ

65. ਸ਼੍ਰੀਮਾਨ ਜੀ, ਸਾਡੀ ਸਰਕਾਰ ਸਾਰਿਆਂ ਨੂੰ ਮਿਆਰੀ ਅਤੇ ਸਸਤੀ ਸਿੱਖਿਆ ਮੁਹੱਈਆ ਕਰਨ ਲਈ ਵਚਨਬੱਧ ਹੈ। ਸਕੂਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਅਧਿਆਪਕਾਂ ਦੀ ਭਰਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਸਾਲ 2007 ਤੋਂ ਹੁਣ ਤੱਕ 43,455 ਨਵੇਂ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਅਤੇ 2,342 ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਜਾਰੀ ਹੈ।

66. ਗਰੀਬ ਪਰਿਵਾਰਾਂ ਦੇ ਹੁਸ਼ਿਆਰ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਰਾਜ ਨੇ ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਮੋਹਾਲੀ ਅਤੇ ਪਟਿਆਲਾ ਦੇ ਹਰੇਕ ਜ਼ਿਲੇ ਵਿਚ 1,000 ਵਿਦਿਆਰਥੀਆਂ ਦੀ ਸਮਰੱਥਾ ਵਾਲੇ 6 ਰਿਹਾਇਸ਼ੀ ਸਕੂਲ ਸਥਾਪਤ ਕੀਤੇ ਹਨ। ਇਹ ਸਕੂਲ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਉਨ੍ਹਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਅੰਗਰੇਜ਼ੀ ਮਾਧਿਅਮ ਰਾਹੀਂ ਮੁਫਤ ਸਿੱਖਿਆ ਦੇ ਰਹੇ ਹਨ।

67. ਰਾਜ ਵਿਚ ਸਿੱਖਿਆ ਪੱਖੋਂ ਪੱਛੜੇ ਬਲਾਕਾਂ ਵਿਚ 27 ਮਾਡਲ / ਆਦਰਸ਼ ਸਕੂਲ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ ਰਾਜ ਵਿਚ ਸਰਕਾਰੀ ਅਤੇ ਜਨਤਕ ਨਿੱਜੀ ਭਾਈਵਾਲੀ (ਪੀ.ਪੀ.ਪੀ ਮੋਡ) ਰਾਹੀਂ 25 ਹੋਰ ਆਦਰਸ਼ ਸਕੂਲ ਸਥਾਪਤ ਕੀਤੇ ਗਏ ਹਨ। ਹਰਗੋਬਿੰਦ ਖੁਰਾਣਾ ਵਜ਼ੀਫ਼ਾ ਸਕੀਮ ਅਧੀਨ 3,299 ਵਿਦਿਆਰਥੀਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ।

ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ, ਲੁਧਿਆਣਾ ਅਤੇ ਤਰਨਤਾਰਨ ਵਿਖੇ ਮੁਸ਼ਕਿਲ ਪ੍ਰਸਥਿਤੀਆਂ ਵਾਲੇ ਐਲੀਮੈਂਟਰੀ ਸਕੂਲਾਂ ਵਿਚ ਸੌ-ਸੌ ਲੜਕਿਆਂ ਦੀ ਸਮਰੱਥਾ ਵਾਲੇ 5 ਰਿਹਾਇਸ਼ੀ ਹੋਸਟਲ ਵੀ ਖੋਲ੍ਹੇ ਗਏ ਹਨ। ਐਲੀਮੈਂਟਰੀ ਸਕੂਲ ਲੜਕੀਆਂ ਲਈ 22 ਕੇ.ਜੀ.ਬੀ.ਵੀ. ਹੋਸਟਲ ਅਤੇ ਸੈਕੰਡਰੀ ਸਕੂਲ ਲੜਕੀਆਂ ਲਈ 17 ਹੋਸਟਲ ਸਫਲਤਾਪੂਰਵਕ ਚੱਲ ਰਹੇ ਹਨ। ਸਾਲ 2015-16 ਵਿਚ ਕੁੜੀਆਂ ਦੇ 4 ਹੋਰ ਹੋਸਟਲ ਕਾਰਜਸ਼ੀਲ ਹੋ ਜਾਣਗੇ। ਸਰਕਾਰ ਵਿੱਤੀ ਸਾਲ 2015-16 ਦੇ ਅਖੀਰ ਤੱਕ ਸਾਰੇ ਸਕੂਲਾਂ ਵਿੱਚ ਕੁੜੀਆਂ ਅਤੇ ਮੁੰਡਿਆਂ ਲਈ ਵੱਖਰੇ-ਵੱਖਰੇ ਪਖ਼ਾਨੇ ਬਣਾਉਣ ਦਾ ਟੀਚਾ ਰੱਖਦੀ ਹੈ।

68. ਛੇਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਮੁਹੱਈਆ ਕਰਵਾਉਣ ਲਈ ਆਈ.ਸੀ.ਟੀ ਪ੍ਰਾਜੈਕਟ ਤਹਿਤ 6,487 ਸਕੂਲਾਂ ਨੂੰ ਕਵਰ ਕੀਤਾ ਗਿਆ ਹੈ। ਸਾਲ 2015-16 ਵਿਚ 138 ਹੋਰ ਸਕੂਲ ਕਵਰ ਕੀਤੇ ਜਾਣਗੇ। ਸੀਨੀਅਰ ਸੈਕੰਡਰੀ ਅਤੇ ਸੈਕੰਡਰੀ ਸਕੂਲਾਂ ਵਿਚ 2,983 ਐਜੂਸੈੱਟ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਗਈਆਂ ਹਨ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਆਪਣੀ ਮਰਜ਼ੀ ਦੇ ਮਲਟੀਮੀਡੀਆ ਕੰਟੈਂਟ ਵਾਲੇ ਲੈਕਚਰਾਂ ਨੂੰ ਸੁਣ ਅਤੇ ਵੇਖ ਸਕਣ।

69. ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਕਰ ਰਿਹਾਂ ਹਾਂ ਕਿ ਰਾਜ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਗਿਆਰਾਂ ਰਾਸ਼ਟਰੀ ਖੇਡ ਚੈਂਪੀਅਨਸ਼ਿਪਾਂ ਵਿੱਚ ਸ਼ਮੂਲੀਅਤ ਕੀਤੀ ਹੈ ਅਤੇ ਉਹਨਾਂ ਨੇ 6 ਸੋਨੇ, 17 ਚਾਂਦੀ ਅਤੇ 13 ਤਾਂਬੇ ਦੇ ਤਮਗੇ ਜਿੱਤੇ ਹਨ। ਪੰਜਾਬ ਦੀਆਂ ਟੀਮਾਂ ਨੇ 3 ਚੈਂਪੀਅਨਸ਼ਿਪਾਂ ਵਿੱਚ ਟ੍ਰਾਫੀਆਂ ਵੀ ਜਿੱਤੀਆਂ ਹਨ। 5 ਐੱਸ.ਐੱਸ.ਏ. ਬੱਚਿਆਂ ਨੂੰ ਜੂਨ, 2015 ਵਿਚ ਲਾਸ ਏਂਜਲਸ, ਕੈਲੀਫੋਰਨੀਆ, (ਯੂ.ਐੱਸ.ਏ) ਵਿਚ ਹੋਣ ਵਾਲੀਆਂ ਵਿਸ਼ਵ ਸਮਰ ਗੇਮਜ਼ ਵਿਚ ਭਾਗ ਲੈਣ ਲਈ ਚੁਣਿਆ ਗਿਆ ਹੈ।

70. ਸਕੂਲ ਸਿੱਖਿਆ ਦੇ ਮਿਆਰ ਦੀ ਬਿਹਤਰੀ ਲਈ ਸਾਲ 2015-16 ਵਿਚ 8,318 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਤਜਵੀਜ਼ ਹੈ। ਸਾਲਾਨਾ ਯੋਜਨਾ 2015 ਤਹਿਤ ਮਹੱਤਵਪੂਰਨ ਖ਼ਰਚੇ ਇਹ ਹਨ:-

- 890 ਕਰੋੜ ਰੁਪਏ - ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਲਈ ।
- 277 ਕਰੋੜ ਰੁਪਏ - ਮਿਡ ਡੇ ਮੀਲ ਸਕੀਮ ਲਈ ।

[ਵਿੱਤ ਮੰਤਰੀ]

- 310 ਕਰੋੜ ਰੁਪਏ – ਕਲਾਸ ਛੇਵੀਂ ਤੋਂ ਬਾਰ੍ਹਵੀਂ ਕਲਾਸ ਨੂੰ ਕੰਪਿਊਟਰ ਸਿੱਖਿਆ ਮੁਹੱਈਆ ਕਰਵਾਉਣ ਲਈ ਆਈ ਸੀ ਟੀ ਪ੍ਰੋਜੈਕਟ ਲਈ ।
- 90 ਕਰੋੜ ਰੁਪਏ – ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ (ਆਰ ਐੱਮ ਐੱਸ ਏ) ਪ੍ਰੋਗਰਾਮ ਲਈ ।
- 40 ਕਰੋੜ ਰੁਪਏ – ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਲਈ ।
- 20 ਕਰੋੜ ਰੁਪਏ – ਕੁੜੀਆਂ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮਜ਼ਬੂਤੀਕਰਨ ਲਈ ।
- 20 ਕਰੋੜ ਰੁਪਏ – ਕਿੱਤਾ ਮੁੱਖੀ ਸਿੱਖਿਆ ਪ੍ਰੋਗਰਾਮ ਲਈ ।
- 20 ਕਰੋੜ ਰੁਪਏ – ਮਾਡਲ ਸਕੂਲਾਂ ਲਈ ।
- 14 ਕਰੋੜ ਰੁਪਏ – ਸਾਖ਼ਰ ਭਾਰਤ ਮਿਸ਼ਨ ਲਈ ।
- 10 ਕਰੋੜ ਰੁਪਏ – ਹੋਣਹਾਰ ਵਿਦਿਆਰਥੀਆਂ ਨੂੰ ਵਜੀਫ਼ੇ ਲਈ।

ਉਚੇਰੀ ਸਿੱਖਿਆ

71. ਸ਼੍ਰੀਮਾਨ ਜੀ, ਰਾਜ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ (ਆਰ. ਯੂ.ਐੱਸ.ਏ) ਨੂੰ ਲਾਗੂ ਕਰ ਰਿਹਾ ਹੈ। ਇਸ ਅਧੀਨ ਪਠਾਨਕੋਟ ਅਤੇ ਫਿਰੋਜ਼ਪੁਰ ਵਿਖੇ 2 ਨਵੇਂ ਮਾਡਲ ਡਿਗਰੀ ਕਾਲਜ, ਪਟਿਆਲਾ ਵਿਖੇ 2 ਨਵੇਂ ਪੇਸ਼ੇਵਰਾਨਾ ਕਾਲਜ– ਇਕ ਹਵਾਈ ਸਿੱਖਿਆ ਖੇਤਰ ਅਤੇ ਦੂਜਾ ਖੇਡ ਖੇਤਰ ਵਿਚ ਖੋਲ੍ਹੇ ਜਾਣਗੇ। ਮੈਂ ਸਾਲ 2015–16 ਦੌਰਾਨ ਉਚੇਰੀ ਸਿੱਖਿਆ ਲਈ 782 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

72. ਰਾਜ ਸਰਕਾਰ ਨੇ ਸਾਲ 2015–16 ਦੌਰਾਨ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਨੂੰ ਹੇਠ ਲਿਖੀਆਂ ਗ੍ਰਾਂਟਾਂ ਜਾਰੀ ਕੀਤੀਆਂ ਹਨ:–

- 20 ਕਰੋੜ ਰੁਪਏ – ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਲਈ ।
- 60 ਕਰੋੜ ਰੁਪਏ – ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਈ।
- 50 ਕਰੋੜ ਰੁਪਏ – ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਲਈ ।

- 250 ਕਰੋੜ ਰੁਪਏ -ਸਹਾਇਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਨੂੰ ਗ੍ਰਾਂਟ ਲਈ ।

ਹਰਾ ਪੰਜਾਬ

73. ਮਾਨਯੋਗ ਮੁੱਖ ਮੰਤਰੀ ਜੀ ਨੇ ਸਾਲ 2013-14 ਵਿਚ ਹਰਾ ਪੰਜਾਬ ਮਿਸ਼ਨ ਸ਼ੁਰੂ ਕੀਤਾ ਹੈ। 2015-16 ਦੌਰਾਨ ਪੁਰਾਣੀ ਬਨਸਪਤੀ (ਪੌਦੇ) ਅਤੇ ਮਾਲਵਾ ਬਨਸਪਤੀ (ਪੌਦੇ) ਪ੍ਰਾਜੈਕਟ ਵਰਗੇ ਹੋਰ ਮਹੱਤਵਪੂਰਨ ਪ੍ਰਾਜੈਕਟਾਂ ਦੀ ਸਾਂਭ-ਸੰਭਾਲ ਅਤੇ ਹੋਰ ਕਾਰਜਾਂ ਲਈ 25 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਮਿਸ਼ਨ ਨੂੰ ਆਉਂਦੇ ਸਾਲ ਵਿਚ ਰਾਜ ਸਰਕਾਰ ਦੇ ਜਨਤਕ ਉਦਯੋਗਿਕ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਹਿਯੋਗ ਨਾਲ ਮਜ਼ਬੂਤ ਕੀਤਾ ਜਾਵੇਗਾ।

ਸਿਹਤ

74. ਸਾਡੀ ਸਰਕਾਰ ਚੰਗੇਰੀ ਸਿਹਤ ਸੰਭਾਲ ਲਈ ਹਸਪਤਾਲ ਵਿਚ ਮਨੁੱਖੀ ਸ਼ਕਤੀ, ਸ਼ਹਿਰੀ ਕਾਰਜਾਂ ਇਮਾਰਤਾਂ ਅਤੇ ਸਾਜ਼ੋ-ਸਮਾਨ ਅਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਰਾਜ ਨੇ ਸਿਹਤ ਸੂਚਕਾਂ ਸਬੰਧੀ ਬਿਹਤਰ ਪ੍ਰਦਰਸ਼ਨ ਦਰਜ ਕੀਤਾ ਹੈ। ਸਾਲ 2006 ਵਿਚ 44 ਤੋਂ 18 ਪੁਆਇੰਟ ਘੱਟ ਕੇ ਸਾਲ 2013 ਵਿਚ ਬਾਲ ਮ੍ਰਿਤੂ ਦਰ 26 ਪੁਆਇੰਟ ਰਹਿ ਗਈ। ਕੇਂਦਰ ਸਰਕਾਰ ਦੁਆਰਾ ਪਿਛਲੇ ਤਿੰਨ ਸਾਲਾਂ ਵਿਚ ਰਾਜ ਨੂੰ ਇਸ ਮੰਤਵ ਲਈ ਅਵਾਰਡ ਪ੍ਰਦਾਨ ਕੀਤੇ ਗਏ ਹਨ। ਜੱਚਾ ਮ੍ਰਿਤੂ ਦਰ ਸਾਲ 2004-06 ਵਿਚ 192 ਤੋਂ ਘੱਟ ਕੇ ਸਾਲ 2011-13 ਵਿਚ 141 ਰਹਿ ਗਈ ਹੈ। ਬਾਲ ਲਿੰਗ ਅਨੁਪਾਤ ਵਿਚ 2001 ਵਿਚ 798 ਤੋਂ ਸਾਲ 2012 ਵਿਚ 857 ਦਾ ਸੁਧਾਰ ਹੋਇਆ ਹੈ।

75. ਰਾਜ ਦੁਆਰਾ ਤਿਆਰ ਕੀਤੀ ਗਈ ਕੌਮੀ ਸਿਹਤ ਮਿਸ਼ਨ ਦੀ ਅਗਾਂਹਵਧੂ ਯੋਜਨਾ ਅਧੀਨ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ ਅਤੇ ਵਾਧੂ ਮਨੁੱਖੀ ਸ਼ਕਤੀ ਵਜੋਂ 1,100 ਡਾਕਟਰਾਂ ਨੂੰ ਤੈਨਾਤ ਕੀਤਾ ਗਿਆ ਹੈ। ਸਾਡੀ ਸਰਕਾਰ ਦੀ ਡਾਇਲ 108 ਸੇਵਾ ਦੀ ਸ਼ੁਰੂਆਤ ਇਕ ਬਹੁਤ ਵੱਡੀ ਸਫ਼ਲਤਾ ਰਹੀ ਹੈ। ਇਸ ਸੇਵਾ ਕਾਰਨ ਹੁਣ ਤੱਕ ਲਗਭਗ 10.04 ਲੱਖ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। ਇਕ ਹੋਰ ਪ੍ਰਮੁੱਖ ਪਹਿਲਕਦਮੀ ਵਜੋਂ ਡਾਕਟਰੀ ਸਲਾਹ/ਜਾਣਕਾਰੀ, ਸ਼ਿਕਾਇਤਾਂ/ਸ਼ਿਕਾਇਤ ਨਿਵਾਰਣ, ਕਾਉਂਸਲਿੰਗ ਸੇਵਾਵਾਂ 24 ਘੰਟੇ ਮੁਹੱਈਆ ਕਰਾਉਣ ਲਈ 104 ਮੈਡੀਕਲ ਹੈਲਪ ਲਾਈਨ ਦੀ

[ਵਿੱਤ ਮੰਤਰੀ]

ਸ਼ੁਰੂਆਤ ਕੀਤੀ ਹੈ।

76. ਰਾਜ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਕਈ ਕਦਮ ਚੁੱਕੇ ਹਨ। ਮੁੱਖ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਵੱਖ-ਵੱਖ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿਚ ਕੈਂਸਰ ਦੇ ਕੈਸ਼ਲੈੱਸ ਇਲਾਜ ਲਈ 1.5 ਲੱਖ ਰੁਪਏ ਦੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਹੁਣ ਤੱਕ 19,713 ਕੈਂਸਰ ਦੇ ਮਰੀਜਾਂ ਨੂੰ 235 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ। ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਕੈਂਸਰ ਦੇ ਇਲਾਜ ਲਈ ਬੁਨਿਆਦੀ ਢਾਂਚੇ ਨੂੰ ਵਿਕਸਤ ਕੀਤਾ ਜਾ ਰਿਹਾ ਹੈ। ਬਠਿੰਡਾ ਵਿਖੇ 100 ਬਿਸਤਰਿਆਂ ਵਾਲਾ ਆਧੁਨਿਕ ਕੈਂਸਰ ਡਾਇਗਨਾਸਟਿਕ ਟ੍ਰੀਟਮੈਂਟ ਐਂਡ ਰਿਸਰਚ ਸੈਂਟਰ ਸਥਾਪਿਤ ਕੀਤਾ ਗਿਆ ਹੈ ਅਤੇ ਸਿਵਲ ਹਸਪਤਾਲ, ਸੰਗਰੂਰ ਵਿਖੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੇ ਸਹਿਯੋਗ ਨਾਲ 40 ਬਿਸਤਰਿਆਂ ਵਾਲਾ ਕੈਂਸਰ ਕੇਅਰ ਲਈ ਰੇਡੀਓ ਥੈਰੇਪੀ ਸੈਂਟਰ ਵੀ ਕਾਰਜਸ਼ੀਲ ਹੋ ਚੁੱਕਾ ਹੈ। ਮੁਲਾਂਪੁਰ ਵਿਖੇ 450 ਕਰੋੜ ਰੁਪਏ ਦੀ ਲਾਗਤ ਨਾਲ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੁਆਰਾ 200 ਬਿਸਤਰਿਆਂ ਦਾ ਇਕ ਆਹਲਾ ਦਰਜੇ ਦਾ ਕੈਂਸਰ ਰਿਸਰਚ ਸੈਂਟਰ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਇਹ ਸਾਲ 2017 ਵਿਚ ਕਾਰਜਸ਼ੀਲ ਹੋ ਜਾਵੇਗਾ।

77. ਰਾਜ ਸਰਕਾਰ ਇਕ ਪ੍ਰਭਾਵਸ਼ਾਲੀ ਤਰੀਕੇ ਨਾਲ ਨਸ਼ਾਖੋਰੀ ਖਤਮ ਕਰਨ ਲਈ ਵਚਨਬੱਧ ਹੈ। ਪੰਜਾਬ ਸਟੇਟ ਕੈਂਸਰ ਐਂਡ ਡਰੱਗ ਅਡਿਕਸ਼ਨ ਟ੍ਰੀਟਮੈਂਟ ਇਨਫਰਾਸਟਰਕਚਰ ਐਕਟ, 2013 ਬਣਾਇਆ ਗਿਆ ਹੈ। ਰਾਜ ਵਿਚ ਬਠਿੰਡਾ, ਫਰੀਦਕੋਟ, ਪਟਿਆਲਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ 50 ਬਿਸਤਰਿਆਂ ਵਾਲੇ 5 ਉੱਤਮ ਦਰਜੇ ਦੇ ਨਸ਼ਾਮੁਕਤੀ ਕੇਂਦਰਾਂ ਨੂੰ ਕਾਰਜਸ਼ੀਲ ਬਣਾਉਣ ਦੀ ਪ੍ਰਕਿਰਿਆ ਵਿਚ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਹਸਪਤਾਲਾਂ ਅਤੇ ਚੋਣਵੇਂ ਉਪਮੰਡਲ ਹਸਪਤਾਲਾਂ ਵਿਚ 31 ਦਸ ਬਿਸਤਰਿਆਂ ਵਾਲੇ ਨਸ਼ਾਮੁਕਤੀ ਕੇਂਦਰਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ।ਹਰੇਕ ਜ਼ਿਲ੍ਹੇ ਵਿਚ ਡਰੱਗ ਮੁੜ ਵਸੇਬਾ ਕੇਂਦਰਾਂ ਦੀ ਸਥਾਪਨਾ ਪ੍ਰਗਤੀ ਅਧੀਨ ਹੈ।

78. ਸ੍ਰੀਮਾਨ ਜੀ, ਮੈਂ ਸਾਲ 2015-16 ਲਈ ਸਿਹਤ, ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਲਈ 3,008 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਪੇਸ਼ ਕਰਦਾ ਹਾਂ। ਸਾਲਾਨਾ ਯੋਜਨਾ 2015-16 ਵਿਚ ਸਿਹਤ ਸੈਕਟਰ

ਲਈ ਮਹੱਤਵਪੂਰਨ ਰਾਖਵੇਂਕਰਨ ਨਿਮਨ ਅਨੁਸਾਰ ਹਨ:-

- 563 ਕਰੋੜ ਰੁਪਏ - ਸਮਾਜ ਨੂੰ ਵਾਰਾਖਾਣਾ ਯੋਗ ਅਤੇ ਜਵਾਬਦੇਹ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ।
- 39 ਕਰੋੜ ਰੁਪਏ - ਰਾਜ ਵਿਚ ਸੰਕਟਕਾਲੀ ਪ੍ਰਤਿਕਿਰਿਆ ਸੇਵਾਵਾਂ (108-ਐਂਬੂਲੈਂਸ ਸੇਵਾਵਾਂ) ਮੈਡੀਕਲ ਹੈਲਪਲਾਈਨ (104) ਮੁਹੱਈਆ ਕਰਨ ਲਈ।
- 25 ਕਰੋੜ ਰੁਪਏ - ਮੁੱਖ ਮੰਤਰੀ ਕੈਂਸਰ ਰਾਹਤ ਫੰਡ ਅਧੀਨ ਕੈਂਸਰ ਮਰੀਜ਼ਾਂ ਦੇ ਇਲਾਜ ਲਈ।
- 50 ਕਰੋੜ ਰੁਪਏ - ਗਰੀਬ ਲੋਕਾਂ ਦੇ ਮੈਡੀਕਲ ਬੀਮੇ ਲਈ।
- 100 ਕਰੋੜ ਰੁਪਏ - ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ।
- 50 ਕਰੋੜ ਰੁਪਏ - ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਦੀ ਸਹਾਇਤਾ ਲਈ।

ਸਮਾਜਿਕ ਸੁਰੱਖਿਆ

79. ਇਸਤਰੀ ਸਸ਼ਕਤੀਕਰਣ ਸਾਡੀ ਸਰਕਾਰ ਦਾ ਵਿਸ਼ੇਸ਼ ਧਿਆਨ ਵਾਲਾ ਮੁੱਦਾ ਰਿਹਾ ਹੈ। ਸਾਡੀ ਸਰਕਾਰ 11 ਵੀਂ ਅਤੇ 12 ਵੀਂ ਦੀਆਂ ਵਿਦਿਆਰਥਣਾਂ ਨੂੰ ਸਾਈਕਲ ਮੁਹੱਈਆ ਕਰਵਾਉਣ ਲਈ ਮਾਈ ਭਾਗੋ ਵਿੱਦਿਆ ਯੋਜਨਾ ਨੂੰ ਸਹਾਇਤਾ ਜਾਰੀ ਰੱਖੇਗੀ। ਰਾਜ ਦੇ 11 ਜ਼ਿਲ੍ਹਿਆਂ ਵਿਚ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਸ਼ੁਰੂ ਕੀਤੀ ਜਾਵੇਗੀ।

80. ਸਾਲ 2015-16 ਵਿਚ ਸਮਾਜਿਕ ਸੁਰੱਖਿਆ ਲਈ 1,874 ਕਰੋੜ ਰੁਪਏ ਦਾ ਕੁੱਲ ਰਾਖਵਾਂਕਰਨ ਕੀਤਾ ਗਿਆ ਹੈ। ਸਾਲਾਨਾ ਯੋਜਨਾ ਅਧੀਨ ਮੁੱਖ ਰਾਖਵਾਂਕਰਨ ਨਿਮਨ ਅਨੁਸਾਰ ਹੈ:-

- 692 ਕਰੋੜ ਰੁਪਏ - 20 ਲੱਖ ਲਾਭਪਾਤਰੀਆਂ ਨੂੰ ਬੁਢਾਪਾ ਅਤੇ ਹੋਰ ਪੈਨਸ਼ਨਾਂ ਦੀ ਵੰਡ ਲਈ, ਇਸ ਤੋਂ ਇਲਾਵਾ ਕੌਮੀ ਸਮਾਜਿਕ ਸਹਾਇਤਾ ਪ੍ਰੋਗਰਾਮ ਅਧੀਨ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ

[ਵਿੱਤ ਮੰਤਰੀ]

ਨਾਲ ਸਬੰਧਤ 2 ਲੱਖ ਲਾਭਪਾਤਰੀ ਵਧੀਕ ਪੈਨਸ਼ਨਾਂ ਪ੍ਰਾਪਤ ਕਰਨਗੇ ਜਿਸ ਲਈ 70 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ।

- 594 ਕਰੋੜ ਰੁਪਏ – ਰਾਜ ਵਿਚ ਆਂਗਨਵਾੜੀ ਕੇਂਦਰਾਂ ਦੀਆਂ ਇਮਾਰਤਾਂ ਦੀ ਉਸਾਰੀ ਅਤੇ ਗਰਭਵਤੀ ਮਾਤਾਵਾਂ ਅਤੇ 15 ਲੱਖ ਬੱਚਿਆਂ ਨੂੰ ਪੂਰਕ ਪੋਸ਼ਣ ਮੁਹੱਈਆ ਕਰਵਾਉਣ ਅਤੇ ਸਮੂਹਿਕ ਬਾਲ ਵਿਕਾਸ ਸੇਵਾਵਾਂ ਲਈ।
- 40 ਕਰੋੜ ਰੁਪਏ – ਮਾਈ ਭਾਗੋ ਸਕੀਮ ਅਧੀਨ ਸਰਕਾਰੀ ਸਕੂਲਾਂ ਦੀਆਂ 11ਵੀਂ ਅਤੇ 12 ਵੀਂ ਕਲਾਸ ਦੀਆਂ ਵਿਦਿਆਰਥਣਾਂ ਨੂੰ ਮੁਫ਼ਤ ਸਾਈਕਲ ਮੁਹੱਈਆ ਕਰਾਉਣ ਲਈ।
- 24 ਕਰੋੜ ਰੁਪਏ-ਸਮੂਹਿਕ ਬਾਲ ਸੁਰੱਖਿਆ ਸਕੀਮ ਅਧੀਨ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ।
- 16 ਕਰੋੜ ਰੁਪਏ – ਇੰਦਰਾ ਗਾਂਧੀ ਮਾਤਰੀਤਵ ਸਹਿਯੋਗ ਯੋਜਨਾ ਸਮੇਤ ਔਰਤ ਸਸ਼ਕਤੀਕਰਨ ਦੇ ਕੌਮੀ ਮਿਸ਼ਨ ਲਈ।
- 11 ਕਰੋੜ ਰੁਪਏ- 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਲਈ।

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ

81. ਸ਼੍ਰੀਮਾਨ ਜੀ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਰਾਜ ਸਰਕਾਰ ਦੀ ਮੁੱਖ ਤਰਜੀਹ ਹੈ। ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਲਈ 1,173 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖਣ ਦੀ ਤਜਵੀਜ਼ ਕੀਤੀ ਗਈ ਹੈ। ਇਸ ਹੈੱਡ ਅਧੀਨ ਯੋਜਨਾ ਖ਼ਰਚ ਸਾਲਾਨਾ ਯੋਜਨਾ 2014-15 ਵਿਚ 819 ਕਰੋੜ ਰੁਪਏ ਤੋਂ ਵਧਾ ਕੇ ਸਾਲਾਨਾ ਯੋਜਨਾ 2015-16 ਵਿਚ 984 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸਾਲਾਨਾ ਯੋਜਨਾ 2015-16 ਅਧੀਨ ਮੁੱਖ ਰਾਖਵੇਂਕਰਨ ਨਿਮਨ ਅਨੁਸਾਰ ਹਨ:-

- 411 ਕਰੋੜ ਰੁਪਏ- ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜੀਫ਼ੇ ਅਤੇ ਅਨੁਸੂਚਿਤ ਜਾਤੀ ਦੇ ਲੜਕੇ ਅਤੇ ਲੜਕੀਆਂ ਲਈ ਹੋਸਟਲਾਂ ਲਈ।

- 298 ਕਰੋੜ ਰੁਪਏ - ਘੱਟ ਗਿਣਤੀ ਵਿਦਿਆਰਥੀਆਂ ਲਈ ਬਹੁ ਖੇਤਰੀ ਵਿਕਾਸ ਪ੍ਰੋਗਰਾਮਾਂ ਸਮੇਤ ਵਜ਼ੀਫ਼ੇ ਅਤੇ ਘੱਟ ਗਿਣਤੀ ਵਾਲੇ ਬਲਾਕਾਂ ਦੇ ਬੁਨਿਆਦੀ ਢਾਂਚਾ ਵਿਕਾਸ ਲਈ।
- 93 ਕਰੋੜ ਰੁਪਏ- ਪੱਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਅਤੇ ਹੋਸਟਲਾਂ ਸਮੇਤ ਪੱਛੜੀਆਂ ਸ਼੍ਰੇਣੀਆਂ ਦੇ ਵਿਕਾਸ ਲਈ।
- 98 ਕਰੋੜ ਰੁਪਏ- ਅਨੁਸੂਚਿਤ ਜਾਤੀ/ਪੱਛੜੀਆਂ ਸ਼੍ਰੇਣੀਆਂ/ਈਸਾਈ ਲੜਕੀਆਂ/ਵਿਧਵਾਵਾਂ/ ਤਲਾਕਸ਼ੁਦਾ ਅਤੇ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਧੀਆਂ ਦੇ ਵਿਆਹ ਸਮੇਂ ਪ੍ਰਤੀ ਲਾਭਪਾਤਰੀ 15,000/- ਰੁਪਏ ਦੇ ਸ਼ਗਨ ਲਈ ।
- 45 ਕਰੋੜ ਰੁਪਏ - ਅਨੁਸੂਚਿਤ ਜਾਤੀ ਪਿੰਡਾਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਲਈ।
- 13 ਕਰੋੜ ਰੁਪਏ - ਐੱਸ.ਸੀ/ਬ.ਸੀ/ਈ.ਡਬਲਿਯੂ.ਐੱਸ ਪ੍ਰਾਇਮਰੀ ਦੀਆਂ ਵਿਦਿਆਰਥਣਾਂ ਨੂੰ ਹਾਜ਼ਰੀ ਵਜ਼ੀਫ਼ੇ ਲਈ।
- 10 ਕਰੋੜ ਰੁਪਏ - ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਵਾਸਤੇ ਆਈ.ਟੀ.ਆਈਜ਼ ਵਿਚ ਕਿੱਤਾ ਮੁੱਖੀ ਸਿਖਲਾਈ ਲਈ।
- 14.63 ਕਰੋੜ ਰੁਪਏ - ਪੰਜਾਬ ਅਨੁਸੂਚਿਤ ਜਾਤੀ ਵਿੱਤ ਨਿਗਮ ਅਤੇ ਬੈਂਕਫਿੰਕੋ ਵਿਚ ਪੂੰਜੀ ਲਈ।

82. ਅਨੁਸੂਚਿਤ ਜਾਤੀ ਆਬਾਦੀ ਲਈ ਉਲੀਕੀਆਂ ਯੋਜਨਾ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ (ਐੱਸ.ਸੀ.ਐੱਸ.ਪੀ.) ਨੂੰ ਨੋਡਲ ਵਿਭਾਗ ਬਣਾਇਆ ਗਿਆ ਹੈ। ਸਾਲਾਨਾ ਯੋਜਨਾ 2015-16 ਵਿਚ ਐਸ.ਸੀ.ਐਸ.ਪੀ. ਲਈ ਯੋਜਨਾ ਖ਼ਰਚ ਦੇ 32 ਫ਼ੀਸਦ ਦੇ ਬਰਾਬਰ ਰਕਮ ਅਨੁਸੂਚਿਤ ਜਾਤੀ ਆਬਾਦੀ ਲਈ ਰਾਖਵੀਂ ਕੀਤੀ ਗਈ ਹੈ। 21,174 ਕਰੋੜ ਰੁਪਏ ਦੇ ਕੁਲ ਯੋਜਨਾ ਆਕਾਰ ਵਿਚੋਂ 6,764 ਕਰੋੜ ਰੁਪਏ ਦੀ ਰਕਮ ਐੱਸ.ਸੀ.ਐੱਸ.ਪੀ. ਲਈ ਰਾਖਵੀਂ ਕੀਤੀ ਗਈ ਹੈ।

[ਵਿੱਤ ਮੰਤਰੀ]

ਖੇਡਾਂ

83. ਸ਼੍ਰੀਮਾਨ ਜੀ, ਪੰਜਾਬ, ਖਿਡਾਰੀਆਂ ਨੂੰ ਪੁਰਸਕਾਰ ਪ੍ਰਣਾਲੀ ਰਾਹੀਂ ਉਤਸ਼ਾਹਿਤ ਕਰਨ ਵਾਲਾ ਮੋਢੀ ਰਾਜ ਹੈ। ਸਾਲ 2014-15 ਦੌਰਾਨ ਏਸ਼ੀਅਨ ਗੇਮਜ਼ ਅਤੇ ਕਾਮਨ ਵੈਲਥ ਗੇਮਜ਼- 2014 ਦੇ ਤਮਗਾ ਪ੍ਰਾਪਤ ਖਿਡਾਰੀਆਂ ਨੂੰ 5.43 ਕਰੋੜ ਰੁਪਏ ਦੀ ਰਾਸ਼ੀ ਦੇ ਨਗਦੀ ਪੁਰਸਕਾਰ ਦਿੱਤੇ ਗਏ ਸਨ। ਦਸੰਬਰ, 2014 ਵਿਚ ਰਾਜ ਵਿਚ ਪੰਜਵਾਂ ਵਿਸ਼ਵ ਕਬੱਡੀ ਕੱਪ, ਪੰਜਾਬ ਆਯੋਜਿਤ ਕੀਤਾ ਗਿਆ ਸੀ ਜਿਸ ਵਿਚ ਮਰਦਾਂ ਦੀਆਂ 11 ਅਤੇ ਇਸਤਰੀਆਂ ਦੀਆਂ 08 ਟੀਮਾਂ ਨੇ ਭਾਗ ਲਿਆ। ਪੁਰਸਕਾਰ ਰਾਸ਼ੀ ਵਜੋਂ ਜੇਤੂ ਮਰਦਾਂ ਦੀ ਟੀਮ ਨੂੰ 2 ਕਰੋੜ ਰੁਪਏ ਦੀ ਰਾਸ਼ੀ ਅਤੇ ਇਸਤਰੀ ਵਰਗ ਦੀ ਜੇਤੂ ਟੀਮ ਨੂੰ 1 ਕਰੋੜ ਰੁਪਏ ਇਨਾਮ ਰਾਸ਼ੀ ਵਜੋਂ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ ਇਸ ਮੰਤਵ ਲਈ 7 ਕਰੋੜ ਰੁਪਏ ਦੀ ਰਾਸ਼ੀ ਖ਼ਰਚ ਕੀਤੀ।

84. ਸਕੂਲਾਂ/ਕਾਲਜਾਂ ਵਿਚ ਖੇਡਾਂ ਨੂੰ ਵਿਕਸਿਤ ਕਰਨ ਲਈ ਸਾਲ 2012-13, 2013-14 ਦੌਰਾਨ ਸਪੋਰਟਸ ਵਿੰਗਜ਼ ਵਿਚ 4000 ਹੋਣਹਾਰ ਖਿਡਾਰੀਆਂ ਅਤੇ ਸਾਲ 2014-15 ਵਿਚ 700 ਰਿਹਾਇਸ਼ੀ ਖਿਡਾਰੀਆਂ ਨੂੰ ਦਾਖ਼ਲਾ ਦਿੱਤਾ ਗਿਆ ਸੀ। ਉਨ੍ਹਾਂ ਨੂੰ ਖੁਰਾਕ, ਸਾਜੋ ਸਮਾਨ ਅਤੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਸਾਲ 2015-16 ਵਿਚ ਸਕੂਲਾਂ/ਕਾਲਜਾਂ ਦੇ ਸਪੋਰਟਸ ਵਿੰਗਜ਼ ਵਿਚ 3,000 ਪ੍ਰਤਿਭਾਵਾਨ ਖਿਡਾਰੀਆਂ ਨੂੰ ਦਾਖ਼ਲਾ ਦਿੱਤੇ ਜਾਣ ਦਾ ਟੀਚਾ ਹੈ।ਇਹ ਉਨ੍ਹਾਂ ਖਿਡਾਰੀਆਂ ਤੋਂ ਇਲਾਵਾ ਹੋਣਗੇ ਜੋ ਕਿ ਪੀ.ਆਈ.ਐਸ. ਅਧੀਨ ਆਲ੍ਹਾ ਦਰਜੇ ਦੇ ਕੇਂਦਰ ਵਿੱਚ ਦਾਖਲ ਕੀਤੇ ਜਾਣਗੇ।

85. ਸਾਲ 2015-16 ਲਈ 26 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ। ਮਹੱਤਵਪੂਰਨ ਸਕੀਮਾਂ ਹਨ:-

- 6.50 ਕਰੋੜ ਰੁਪਏ- ਖੇਡਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰਾਜੀਵ ਗਾਂਧੀ ਖੇਲ ਅਭਿਆਨ ਯੋਜਨਾ ਲਈ।
- 7 ਕਰੋੜ ਰੁਪਏ - ਖੇਡਾਂ ਦੇ ਵਿਕਾਸ ਲਈ ਰਾਜ ਖੇਡ ਕੌਂਸਲ ਨੂੰ ਗ੍ਰਾਂਟ ਸਹਾਇਤਾ ਲਈ।
- 7 ਕਰੋੜ ਰੁਪਏ - ਕੌਮੀ ਸੇਵਾ ਯੋਜਨਾ (ਨੈਸ਼ਨਲ ਸਰਵਿਸ ਸਕੀਮ ਲਈ।

- 1 ਕਰੋੜ ਰੁਪਏ- ਪੇਂਡੂ ਨੌਜਵਾਨ/ਖੇਡ ਕਲੱਬ ਲਈ।

ਕਲਾ ਅਤੇ ਸਭਿਆਚਾਰ

86. ਪੰਜਾਬ ਸੂਫੀਆਂ, ਸੰਤਾਂ, ਸ਼ਹੀਦਾਂ ਅਤੇ ਸਿੱਖ ਗੁਰੂ ਸਾਹਿਬਾਨ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਮਨੁਖੱਤਾ ਦੀ ਖਾਤਰ ਕੁਰਬਾਨੀਆਂ ਦੇ ਕੇ ਮਹਾਨ ਆਦਰਸ਼ ਪੈਦਾ ਕੀਤੀਆਂ ਹਨ। ਰਾਜ ਵਿਚ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੀ ਯਾਦ ਵਿੱਚ ਯਾਦਗਾਰੀ ਸਮਾਰਕ ਸਥਾਪਤ ਕੀਤੇ ਜਾ ਰਹੇ ਹਨ। ਅੰਮ੍ਰਿਤਸਰ, ਕਰਤਾਰਪੁਰ, ਹੁਸ਼ਿਆਰਪੁਰ ਵਿਖੇ ਸਮਾਰਕਾਂ ਸਥਾਪਤ ਕਰਨ ਤੋਂ ਇਲਾਵਾ ਨਿਮਨ ਸਮਾਰਕ ਵੀ ਸਥਾਪਤ ਕੀਤੀਆਂ ਜਾ ਰਹੀਆਂ ਹਨ:-

- ਸ਼ਹੀਦ ਊਧਮ ਸਿੰਘ ਜੀ- ਸੁਨਾਮ
- ਬਾਬਾ ਮੋਤੀ ਰਾਮ ਮਹਿਰਾ ਜੀ - ਫਤਿਹਗੜ ਸਾਹਿਬ
- ਸਵਾਮੀ ਵਿਵੇਕਾਨੰਦ ਜੀ
- ਗਿਰਜਾਨੰਦ ਜੀ - ਕਰਤਾਰਪੁਰ
- ਬਾਬਾ ਜੀਵਨ ਸਿੰਘ ਸਮਾਰਕ - ਸ੍ਰੀ ਅਨੰਦਪੁਰ ਸਾਹਿਬ
- ਸਮਾਰਕ - ਕਿਲਾ ਰਾਇਪੁਰ

87. ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸੰਪੂਰਨਤਾ ਦਿਵਸ ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ

ਸੈਰ ਸਪਾਟਾ

88. ਸ਼੍ਰੀਮਾਨ ਜੀ, ਸੈਰ ਸਪਾਟੇ ਲਈ 398 ਕਰੋੜ ਰੁਪਏ ਦੀ ਲਾਗਤ ਨਾਲ ਏ.ਡੀ.ਬੀ. ਦੀ ਸਹਾਇਤਾ ਨਾਲ ਇਕ ਮੁੱਖ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਅਮਲ ਅਧੀਨ ਹੈ। ਇਸ ਪ੍ਰਾਜੈਕਟ ਵਿਚ ਸਿੱਖ ਸਭਿਆਚਾਰ ਦੀ ਸੰਭਾਲ ਅਤੇ ਰਾਮ ਬਾਗ ਗਾਰਡਨ ਅੰਮ੍ਰਿਤਸਰ ਦੀ ਪੁਨਰ ਵਰਤੋਂ, ਵਿਰਾਸਤ ਸੰਭਾਲ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਸੈਰ ਸਪਾਟਾ ਵਿਕਾਸ ਅਤੇ ਕਪੂਰਥਲੇ ਵਿਚ ਕਲੋਨੀਅਲ ਵਿਰਾਸਤ ਦੀ ਸੰਭਾਲ ਅਤੇ ਵਰਤੋਂ ਆਦਿ ਸ਼ਾਮਿਲ ਹਨ। ਸੈਰ ਸਪਾਟੇ ਲਈ ਸਾਲ 2015-16 ਲਈ 190 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ

89. ਰਾਜ ਸਰਕਾਰ ਨੇ ਖੇਤਾਂ ਵਿਚ ਝੋਨੇ ਦੀ ਪਰਾਲੀ ਸਾੜਨ ਤੋਂ ਰੋਕਣ ਲਈ ਕਦਮ ਚੁੱਕੇ ਹਨ। 13 ਰੀ-ਰੋਲਿੰਗ ਮਿੱਲਾਂ ਦੁਆਰਾ ਊਰਜਾ ਸੰਭਾਲ ਉਪਾਅ

[ਵਿੱਤ ਮੰਤਰੀ]

ਅਪਣਾਏ ਗਏ ਹਨ ਅਤੇ ਮੰਡੀ ਗੋਬਿੰਦਗੜ੍ਹ ਵਿਖੇ 52 ਮਿੱਲਾਂ ਅਮਲ ਦੀ ਪ੍ਰਕਿਰਿਆ ਅਧੀਨ ਹਨ।

90. ਰਾਜ ਸਰਕਾਰ ਦਾ ਅਦਾਰਾ ਪੰਜਾਬ ਬਾਇਓ ਤਕਨਾਲੋਜੀ ਇਨਕਿਊਬੇਟਰ, ਐਸ.ਏ.ਐਸ. ਨਗਰ ਮੋਹਾਲੀ ਵਿਖੇ ਵਿਕਸਿਤ ਕੀਤੇ ਜਾ ਰਹੇ ਗਿਆਨ ਸਿਟੀ ਦਾ ਮਹੱਤਵਪੂਰਣ ਭਾਗ ਹੈ ਜੋ ਕਿ ਖੇਤੀਬਾੜੀ, ਖੁਰਾਕ, ਵਾਤਾਵਰਣ ਅਤੇ ਸਬੰਧਤ ਖੇਤਰਾਂ ਦੇ ਪਰਖ ਅਤੇ ਪ੍ਰਮਾਣੀਕਰਨ ਲਈ ਕਾਰਜਸ਼ੀਲ ਹੈ। ਪੰਜਾਬ ਬਾਇਓ ਤਕਨਾਲੋਜੀ ਇਨਕਿਊਬੇਟਰ ਦੀਆਂ ਸੁਵਿਧਾਵਾਂ ਨੂੰ ਜੁਲਾਈ, 2014 ਵਿਚ ਖੇਤੀਬਾੜੀ ਉਤਪਾਦਨ ਨਿਰਯਾਤ ਵਿਕਾਸ ਅਥਾਰਿਟੀ ਅਤੇ ਫਰਵਰੀ, 2015 ਵਿਚ ਨਿਰਯਾਤ ਨਿਰੀਖਣ ਕੌਂਸਲ (ਈ.ਆਈ.ਸੀ) ਵਲੋਂ ਪ੍ਰਵਾਨ ਕੀਤਾ ਗਿਆ ਹੈ।

ਕਾਨੂੰਨ ਤੇ ਵਿਵਸਥਾ

91. ਸ਼੍ਰੀਮਾਨ ਜੀ, ਸਾਲ 2014-15 ਦੌਰਾਨ ਰਾਜ ਵਿਚ ਅਪਰਾਧ ਸਥਿਤੀ ਕਾਬੂ ਵਿਚ ਰਹੀ ਹੈ। ਦਹਿਸ਼ਤਵਾਦ ਦੀਆਂ ਕਾਰਵਾਈਆਂ ਤੇ ਸਖਤ ਨਿਗਰਾਨੀ ਰੱਖੀ ਗਈ ਹੈ। ਪੁਲਿਸ ਨੇ ਅਵੈਧ ਹਥਿਆਰਾਂ ਦੇ ਨਾਲ ਨਾਲ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਨੂੰ ਵੱਡੀ ਮਾਤਰਾ ਵਿਚ ਬਰਾਮਦ ਕੀਤਾ ਹੈ।

92. ਰਾਜ ਸਰਕਾਰ ਨੇ ਪੰਜਾਬ ਪੁਲਿਸ ਹੈਲਪਲਾਈਨ (ਡਾਇਲ 181), ਸਾਂਝ ਕੇਂਦਰ ਅਤੇ ਫੌਰੀ ਪੇਂਡੂ ਪ੍ਰਕ੍ਰਿਆ ਪ੍ਰਣਾਲੀ ਵਰਗੀਆਂ ਬਹੁਤ ਸਾਰੀਆਂ ਲਾਭਕਾਰੀ ਪਹਿਲਕਦਮੀਆਂ ਨੂੰ ਸ਼ੁਰੂ ਕੀਤਾ ਹੈ। ਡਾਇਲ 181 ਹੈਲਪ ਲਾਈਨ ਤਹਿਤ ਇਸਦੇ ਅਰੰਭ ਤੋਂ 86,937 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਹੁਣ ਤੱਕ ਹੈਲਪ ਲਾਈਨ ਤੇ ਪ੍ਰਾਪਤ ਹੋਈਆਂ 97 ਪ੍ਰਤੀਸ਼ਤ ਸ਼ਿਕਾਇਤਾਂ/ਮਾਮਲਿਆਂ ਦਾ ਸਮਾਂ ਬੱਧ ਢੰਗ ਨਾਲ ਨਿਪਟਾਰਾ ਕਰ ਦਿੱਤਾ ਗਿਆ ਹੈ। 27,000 ਤੋਂ ਵਧੇਰੇ ਝਗੜਿਆਂ ਦਾ ਸਾਂਝ ਕੇਂਦਰਾਂ ਦੁਆਰਾ ਨਿਪਟਾਰਾ ਕੀਤਾ ਗਿਆ ਹੈ। ਰਾਜ ਵਿਚ ਫੌਰੀ ਪੇਂਡੂ ਪੁਲਿਸ ਪ੍ਰਤੀਕ੍ਰਿਆ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਦੂਰ-ਦਰਾਜ਼ ਦੇ ਪੇਂਡੂ ਖੇਤਰਾਂ ਵਿਚ 20 ਮਿੰਟ ਤੋਂ ਵੀ ਘੱਟ ਸਮੇਂ ਵਿਚ ਪੁਲਿਸ ਸਹਾਇਤਾ ਉਪਲੱਬਧ ਕਰਵਾਈ ਜਾਵੇਗੀ। ਕਰਾਈਮ ਅਤੇ ਕਰੀਮੀਨਲ ਟਰੈਕਿੰਗ ਨੈੱਟਵਰਕ ਅਤੇ ਸਿਸਟਮਜ਼ ਪ੍ਰਾਜੈਕਟ ਅਮਲ ਅਧੀਨ ਹੈ।

ਟ੍ਰੈਫਿਕ ਸੰਚਾਲਣ ਅਤੇ ਅਪਰਾਧ ਰੋਕਣ ਦੀ ਪ੍ਰਕਿਰਿਆ ਨੂੰ ਵਧੇਰੇ

ਕੁਸ਼ਲ ਬਣਾਉਣ ਲਈ ਮੁੱਢਲੇ ਰੂਪ ਵਿਚ ਅੰਮ੍ਰਿਤਸਰ ਅਤੇ ਲੁਧਿਆਣਾ ਜ਼ਿਲ੍ਹੇ ਵਿਚ ਆਧੁਨਿਕ ਤਕਨਾਲੋਜੀ ਦੀ ਵਰਤੋਂ ਵਾਲਾ ਸੇਫ ਸਿਟੀ ਪ੍ਰਾਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ।

93. ਸਾਲ 2015-16 ਵਿਚ ਕਾਨੂੰਨ ਅਤੇ ਨਿਆਂ ਤੇ ਵਿਵਸਥਾ ਲਈ 5,638 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ। ਸਾਲ 2015-16 ਦੌਰਾਨ ਮਹੱਤਵਪੂਰਣ ਸਕੀਮਾਂ ਅਨੁਸਾਰ ਰਾਖਵੇਂਕਰਨ ਨਿਮਨ ਅਨੁਸਾਰ ਹਨ:-

- 110 ਕਰੋੜ ਰੁਪਏ ਨਿਆਂਪਾਲਿਕਾ ਅਤੇ ਬੁਨਿਆਦੀ ਢਾਂਚਾ ਸੁਵਿਧਾ ਲਈ।
- 30 ਕਰੋੜ ਰੁਪਏ ਪੁਲਿਸ ਪਬਲਿਕ ਸਬੰਧਾਂ ਵਿਚ ਸੁਧਾਰ ਕਰਨ ਅਤੇ ਅਪਰਾਧ ਰੋਕਣ ਲਈ।
- 1 ਕਰੋੜ ਰੁਪਏ ਸੁਵਿਧਾ ਕੇਂਦਰਾਂ ਦੀ ਸਥਾਪਨਾ ਲਈ ।

ਸੁਰੱਖਿਆ ਸੇਵਾਵਾਂ ਭਲਾਈ

94. ਹੇਠ ਲਿਖੇ ਪ੍ਰੋਗਰਾਮਾਂ ਲਈ ਸੁਰੱਖਿਆ ਸੇਵਾਵਾਂ ਭਲਾਈ ਲਈ ਸਾਲਾਨਾ ਯੋਜਨਾ 2015-16 ਵਿਚ 42.55 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ:-

- 30 ਕਰੋੜ ਰੁਪਏ - ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਪੱਧਰ ਦੇ ਜੰਗੀ ਯਾਦਗਾਰ ਕੰਪਲੈਕਸ ਦੀ ਸਥਾਪਨਾ ਕਰਨ ਲਈ ।
- 4.21 ਕਰੋੜ ਰੁਪਏ - ਨਵੇਂ ਬਣਾਏ ਗਏ ਜ਼ਿਲ੍ਹਿਆਂ ਲਈ ਸੈਨਿਕ ਰੈਸਟ ਹਾਊਸਾਂ ਦੀ ਉਸਾਰੀ ਲਈ ।
- 2 ਕਰੋੜ ਰੁਪਏ - ਸਾਬਕਾ ਫੌਜੀਆਂ ਅਤੇ ਹੋਰਨਾਂ ਦੇ ਬੱਚਿਆਂ ਲਈ ਪੂਰਵ ਨਿਯੁਕਤੀ ਸਿਖਲਾਈ ਲਈ।
- 3 ਕਰੋੜ ਰੁਪਏ - ਪੰਜਾਬ ਸੁਰੱਖਿਆ ਅਤੇ ਸਕਿਊਰਟੀ ਰਿਲੀਫ਼ ਫੰਡ ਲਈ।

ਰਾਜ ਪ੍ਰਬੰਧ ਸੁਧਾਰ

95. ਰਾਜ ਵਿਚ 2174 ਸਮੂਹਿਕ ਸੇਵਾ ਕੇਂਦਰਾਂ ਦੀ ਸਥਾਪਤੀ ਤੋਂ ਇਲਾਵਾ

[ਵਿੱਤ ਮੰਤਰੀ]

ਈ-ਗਵਰਨੈਂਸ ਦੇ ਖੇਤਰ ਵਿਚ ਸਰਕਾਰ ਦੀਆਂ ਹੋਰ ਬਹੁਤ ਸਾਰੀਆਂ ਮੁੱਖ ਪ੍ਰਾਪਤੀਆਂ ਇਹ ਹਨ :-

ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ 2 ਮੁੱਖ ਜ਼ਿਲ੍ਹਿਆਂ ਵਿਚ 47 ਸੇਵਾਵਾਂ ਦੇਣ ਲਈ ਆਟੋਮੇਟਿਡ ਬੈਕ-ਐਂਡ ਪ੍ਰਕ੍ਰਿਆ ਨਾਲ ਈ-ਜ਼ਿਲ੍ਹਾ ਪ੍ਰਾਜੈਕਟ ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਗਿਆ ਹੈ। ਰਾਜ ਦੇ ਬਾਕੀ ਰਹਿੰਦੇ 20 ਜ਼ਿਲ੍ਹਿਆਂ ਵਿਚ ਈ-ਜ਼ਿਲ੍ਹਾ ਪ੍ਰਾਜੈਕਟ ਨੂੰ ਵੀ ਅਰੰਭ ਕੀਤਾ ਗਿਆ ਹੈ।

ਰਾਜ ਦੀਆਂ 12,000 ਗ੍ਰਾਮ ਪੰਚਾਇਤਾਂ ਤੋਂ ਵੱਧ ਨੂੰ ਨੈਸ਼ਨਲ ਆਪਟੀਕਲ ਫਾਈਬਰ ਨੈੱਟਵਰਕ (ਐਨ.ਓ.ਐਫ.ਐਨ.) ਤਹਿਤ ਬਰਾਡਬੈਂਡ ਕੁਨੈਕਟੀਵਿਟੀ ਨਾਲ ਜੋੜਿਆ ਜਾਵੇਗਾ। ਪ੍ਰਾਪਤੀਆਂ ਵਿਚ ਪਾਰਦਰਸ਼ਤਾ ਅਤੇ ਕੀਮਤ ਬਚਤਾਂ ਲਈ 41 ਵਿਭਾਗਾਂ/ਸੰਗਠਨਾਂ ਵਿਚ ਆਨ-ਲਾਈਨ ਅਦਾਇਗੀ ਵਿਧੀ ਦੇ ਅਧਾਰ ਤੇ ਈ-ਟੈਂਡਰਿੰਗ ਨੂੰ ਲਾਗੂ ਕੀਤਾ ਗਿਆ ਹੈ। 54,756 ਤੋਂ ਵਧੇਰੇ ਟੈਂਡਰਾਂ ਨੂੰ ਕੇਂਦਰੀਕ੍ਰਿਤ ਪੰਜਾਬ ਸਰਕਾਰ ਪੋਰਟਲ ਉਪਰ ਅਪਲੋਡ ਕੀਤਾ ਗਿਆ ਹੈ।

96. ਰਾਜ, 'ਡਿਜੀਟਲ ਇੰਡੀਆ' ਪ੍ਰੋਗਰਾਮ ਨੂੰ ਲਾਗੂ ਕਰਨ ਲਈ ਉਤਸ਼ਾਹ ਦਿਖਾ ਰਿਹਾ ਹੈ। ਇਸ ਪ੍ਰੋਗ੍ਰਾਮ ਦਾ ਨਿਰੀਖਣ ਕਰਨ ਲਈ ਲੋੜੀਂਦੀ ਸੰਸਥਾਇਕ ਪ੍ਰਣਾਲੀ ਲਈ ਮਾਣਯੋਗ ਮੁੱਖ ਮੰਤਰੀ ਪੰਜਾਬ ਦੀ ਚੇਅਰਮੈਨਸ਼ਿਪ ਤਹਿਤ ਡਿਜੀਟਲ ਇੰਡੀਆ ਤੇ ਇਕ ਰਾਜ ਪੱਧਰੀ ਕਮੇਟੀ ਦਾ ਪਹਿਲਾਂ ਹੀ ਗਠਨ ਕੀਤਾ ਗਿਆ ਹੈ।

ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ

97. ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਤਹਿਤ ਸਾਲ 2015-16 ਲਈ ਸਮਾਜਿਕ ਸੈਕਟਰਾਂ ਵਿਚ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਸਹਿਯੋਗੀ ਬੁਨਿਆਦੀ ਢਾਂਚੇ ਨਾਲ ਸਬੰਧਤ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਛੇ ਜ਼ਿਲ੍ਹਿਆਂ ਦੇ 19 ਸਰਹੱਦੀ ਬਲਾਕਾਂ ਲਈ 40 ਕਰੋੜ ਰੁਪਏ ਦੀ ਰਕਮ ਦੀ ਤਜਵੀਜ਼ ਕੀਤੀ ਗਈ ਹੈ।

ਆਧਾਰ ਅਤੇ ਸਿੱਧੀ ਨਕਦੀ ਤਬਦੀਲੀ

98. ਪੰਜਾਬ ਦੇਸ ਦੇ ਸਮੁੱਚੇ ਕਵਰ ਕੀਤੇ ਜਾਣ ਵਾਲੇ ਤੀਜੇ ਰਾਜ ਵਲੋਂ ਜਨ ਧਨ ਯੋਜਨਾ ਨੂੰ ਸਮਾਂ ਬੱਧ ਢੰਗ ਨਾਲ ਲਾਗੂ ਕਰਨ ਵਿਚ ਕਾਮਯਾਬ ਰਿਹਾ ਹੈ। ਰਾਜ ਸਰਕਾਰ ਨੇ 2.54 ਕਰੋੜ ਆਧਾਰ ਕਾਰਡ ਬਣਾਏ ਹਨ, ਜੋ ਕਿ ਰਾਜ

ਦੀ ਕੁੱਲ ਆਬਾਦੀ ਦਾ 92 ਫ਼ੀਸਦ ਹੈ। ਰਾਜ ਸਰਕਾਰ ਸਾਰੇ ਜ਼ਿਲ੍ਹਿਆਂ ਵਿਚ ਸਿਧੀ ਨਕਦੀ ਤਬਾਦੀਲੀ ਸਕੀਮ ਨੂੰ ਸਫ਼ਲਤਾ ਪੂਰਵਕ ਲਾਗੂ ਕਰ ਰਹੀ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਭਲਾਈ ਦੇ ਵਿਭਾਗਾਂ ਦੀਆਂ ਵੱਖ-ਵੱਖ ਸਕੀਮਾਂ ਤਹਿਤ 1.56 ਲੱਖ ਲਾਭਪਾਤਰਾਂ ਨੂੰ ਆਧਾਰ ਪੇਮੈਂਟ ਬਰਿਜ ਰਾਹੀਂ 65 ਕਰੋੜ ਰੁਪਏ ਦੀ ਰਕਮ ਵੰਡੀ ਗਈ ਹੈ।

99. ਰਾਜ ਸਰਕਾਰ ਨੇ ਵਿਭਿੰਨ ਰਾਜ ਪੱਧਰੀ ਸਕੀਮਾਂ ਵਿਚ ਲਾਭਪਾਤਰਾਂ ਦੇ ਬੈਂਕ ਖਾਤਿਆਂ ਵਿਚ ਸਿੱਧੇ ਤੌਰ ਤੇ ਰਕਮ ਜਮ੍ਹਾਂ ਕਰਨ ਲਈ ਡੀ.ਬੀ.ਟੀ. ਸੂਚੀ ਨੂੰ ਅਪਣਾਇਆ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੇ ਭਲਾਈ ਵਿਭਾਗਾਂ ਦੀਆਂ ਸਕੀਮਾਂ ਤਹਿਤ 4 ਲੱਖ ਲਾਭਪਾਤਰੀਆਂ ਨੂੰ 75 ਕਰੋੜ ਰੁਪਏ ਵੰਡੇ ਗਏ ਹਨ। ਇਸ ਤੋਂ ਇਲਾਵਾ ਰਾਜ ਪੱਧਰੀ ਪੈਨਸ਼ਨ ਸਕੀਮ ਤਹਿਤ 5.18 ਲੱਖ ਲਾਭਪਾਤਰਾਂ ਨੂੰ 83 ਕਰੋੜ ਰੁਪਏ ਵੰਡੇ ਗਏ ਹਨ ਜੋ ਕਿ ਰਾਜ ਦੇ 7 ਜ਼ਿਲ੍ਹਿਆਂ ਵਿਚ ਬਿਜਲਈ ਲਾਭ ਤਬਦੀਲੀ/ਬਾਇਓ ਮੀਟਰਿਕ ਸਮਾਰਟ ਕਾਰਡ ਪ੍ਰਾਜੈਕਟ ਰਾਹੀਂ ਨਿਸ਼ਚਿਤ ਕੀਤੇ ਗਏ ਹਨ।

ਹੁਨਰ ਵਿਕਾਸ

100. ਪੰਜਾਬ ਹੁਨਰ ਵਿਕਾਸ ਮਿਸ਼ਨ ਵੱਖ-ਵੱਖ ਹੁਨਰ ਵਿਕਾਸ ਸਕੀਮਾਂ ਦੇ ਅਮਲ ਵਿਚ ਲੜੀਂਦੀਂ ਸਹਿਕ੍ਰਿਆ, ਨਿਯੰਤ੍ਰਨ ਅਤੇ ਕੁਸ਼ਲ ਤਾਲਮੇਲ ਲਿਆਵੇਗਾ। ਹੁਨਰ ਵਿਕਾਸ ਸਕੀਮਾਂ ਵਿਚ ਹਿੱਸਾ ਲੈਣ ਵਾਲੇ ਲਾਭਪਾਤਰੀਆਂ ਦੀ ਰੁਜ਼ਗਾਰ ਯੋਗਤਾ ਵਿਚ ਸੁਧਾਰ ਲਿਆਉਣ ਲਈ ਐੱਨ.ਐੱਸ.ਡੀ.ਸੀ ਨਾਲ ਇਕ ਇਕਰਾਰਨਾਮਾ ਕੀਤਾ ਗਿਆ ਹੈ।

101. ਰਾਜ ਨੇ ਆਈ.ਟੀ.ਆਈ. ਵਿਚ ਅਪ੍ਰਚਲਿਤ ਕੋਰਸਾਂ ਦੀ ਛਾਂਟੀ ਕਰਨ ਲਈ ਇਕ ਵਿਸਤ੍ਰਿਤ ਅਮਲ ਸ਼ੁਰੂ ਕੀਤਾ ਹੈ ਅਤੇ ਨਵੇਂ ਕੋਰਸਾਂ ਦੀ ਸ਼ੁਰੂਆਤ ਕੀਤੀ ਹੈ ਅਤੇ ਪੜਾਅਵਾਰ ਢੰਗ ਨਾਲ 22,000 ਵਿਦਿਆਰਥੀਆਂ ਦੀ ਮੌਜੂਦਾ ਸਮਰੱਥਾ ਤੋਂ ਵਧਾ ਕੇ 40,000 ਕਰਨ ਦੀ ਵਿਉਂਤਬੰਦੀ ਕੀਤੀ ਹੈ।

102. ਵੱਖ ਵੱਖ ਸਕੀਮਾਂ ਅਧੀਨ 1,21,000 ਨੌਜਵਾਨਾਂ ਦੇ ਹੁਨਰ ਵਿਕਾਸ ਲਈ 267.92 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

[ਵਿੱਤ ਮੰਤਰੀ]

103. ਹੋਰਵੇਂ ਰੋਜ਼ਗਾਰ ਸਿਰਜਣ ਲਈ ਰਾਖਵਾਂਕਰਨ ਨਿਮਨ ਅਨੁਸਾਰ ਹਨ:-

- 7.45 ਕਰੋੜ ਰੁਪਏ - ਪੰਜਾਬ ਦੇ ਨੋਜਵਾਨਾਂ ਲਈ ਸਿਖਲਾਈ ਅਤੇ ਰੁਜ਼ਗਾਰ ਦੇ ਕੇਂਦਰਾਂ ਲਈ (ਸੀ-ਪਾਈਟ)।
- 3 ਕਰੋੜ ਰੁਪਏ - ਅੰਜੀਤਗੜ ਵਿਖੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਲਈ ।
- 1 ਕਰੋੜ ਰੁਪਏ - ਮੋਹਾਲੀ ਵਿਖੇ ਮਾਈ ਭਾਗੋ ਆਰਮਡ ਫੋਰਸਿਜ਼ ਸੇਵਾਵਾਂ ਪ੍ਰੈਪਰੇਟਰੀ ਇੰਸਟੀਚਿਊਟ (ਲੜਕੀਆਂ ਲਈ)।

ਬਜਟ ਅਨੁਮਾਨ 2015-16

104. ਸ਼੍ਰੀਮਾਨ ਸਪੀਕਰ ਸਾਹਿਬ, ਮੈਂ ਹੁਣ ਇਸ ਅਜ਼ੀਮ ਸਦਨ ਦੇ ਸਾਹਮਣੇ ਵਿੱਤੀ ਸਾਲ 2015-16 ਲਈ ਬਜਟ ਅਨੁਮਾਨ ਪੇਸ਼ ਕਰਦਾ ਹਾਂ ਜੋ ਕਿ ਹੇਠ ਲਿਖੇ ਅਨੁਸਾਰ ਹਨ:

ਬਜਟ ਇਕ ਝਾਤ

105. ਸਾਲ 2015-16 ਲਈ ਕੁਲ ਬਜਟ ਅਕਾਰ 79,314 ਕਰੋੜ ਰੁਪਏ ਹੈ। ਪਰੰਤੂ ਵਾਸਤਵਿਕ ਬਜਟ ਦਾ ਅਕਾਰ 61,814 ਕਰੋੜ ਰੁਪਏ ਹੈ ਕਿਉਂਜੋ ਉਕਤ ਰਕਮ ਵਿਚ ਮੌਜੂਦਾ ਸਾਲ ਲਈ ਉਪਾਅ ਅਤੇ ਸਾਧਨ ਲੈਣ ਦੇਣ ਲਈ 17,500 ਕਰੋੜ ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ। ਸਾਲ ਦਾ ਆਰੰਭ (-) 69 ਕਰੋੜ ਰੁਪਏ ਦੇ ਅਰੰਭਕ ਬਕਾਏ ਤੋਂ ਹੁੰਦਾ ਹੈ। ਕੁਲ ਪ੍ਰਾਪਤੀਆਂ 60,585 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ। ਸਾਲ 2015-16 ਦੇ ਅੰਤ ਤੇ ਅੰਤਮ ਬਕਾਇਆ (-) 125 ਕਰੋੜ ਰੁਪਏ ਹੋਵੇਗਾ। ਇਸ ਦੇ ਵੇਰਵੇ ਨਿਮਨ ਅਨੁਸਾਰ ਹਨ:-

ਰੁਪਏ ਕਰੋੜਾਂ ਵਿਚ

ਲੜੀ ਨੰ.	ਮੱਦ	2014-15 ਸੋਧੇ ਅਨੁਮਾਨ	2015-16 ਬਜਟ ਅਨੁਮਾਨ
1	ਆਰੰਭਿਕ ਬਕਾਇਆ ਸੰਚਿਤ ਫੰਡ	(-) 69	(-) 73
	ਪ੍ਰਾਪਤੀਆਂ	54,096	60,585

	(i) ਮਾਲ ਆਮਦਨ ਪ੍ਰਾਪਤੀਆਂ	42,742	46,229
	(ii) ਪੂੰਜੀਗਤ ਪ੍ਰਾਪਤੀਆਂ	11,353	14356
	(ੳ) ਜਨਤਕ ਕਰਜੇ ਤੋਂ ਵਸੂਲੀਆਂ*	11235	14,265
	(ਅ) ਕਰਜ਼ੇ ਅਤੇ ਪੇਸ਼ਗੀਆਂ ਤੋਂ ਵਸੂਲੀਆਂ	118	91
	ਖ਼ਰਚ	56,431	61,814
	(i) ਮਾਲ ਆਮਦਨ ਖ਼ਰਚ	48,983	52,623
	(ੳ) ਵਿਕਾਸ ਖ਼ਰਚ	25,733	27,344
	(ਅ) ਗੈਰ ਵਿਕਾਸ ਖ਼ਰਚ	23,250	25,279
	(ii) ਪੂੰਜੀਗਤ ਲਾਗਤ	3,948	4,857
	(ੳ) ਵਿਕਾਸ ਖ਼ਰਚ	3,383	4,615
	(ਅ) ਗੈਰ ਵਿਕਾਸ ਖ਼ਰਚ	365	242
	(iii) ਜਨਤਕ ਕਰਜ ਦੀ ਅਦਾਇਗੀ*	3,174	3,598
	(iv) ਕਰਜੇ ਅਤੇ ਪੇਸ਼ਗੀਆਂ ਦੀ ਵੰਡ*	327	736
2	ਅਚੇਤ ਫੰਡ	-	-
3	ਜਨਤਕ ਲੇਖਾ (ਨਿਰੋਲ)	2,331	1,177
	ਅੰਤਿਮ ਬਕਾਇਆ	-73	-125

* ਉਪਾਅ ਅਤੇ ਸਾਧਨ / ਓਵਰ ਡਰਾਫਟ ਵਿਚ ਪ੍ਰਾਪਤੀਆਂ ਅਤੇ ਅਦਾਇਗੀਆਂ ਕਾਰਨ ਸਾਲ 2014-15 (ਸੋਧੇ ਅਨੁਮਾਨ) ਲਈ 18,500 ਕਰੋੜ ਰੁਪਏ ਅਤੇ ਸਾਲ 2015-16 ਬਜਟ ਅਨੁਮਾਨ ਲਈ 17,500 ਕਰੋੜ ਰੁਪਏ ਦੀ ਰਕਮ ਸ਼ਾਮਲ ਨਹੀਂ ਹੈ।

ਸਾਲ 2015-16 ਦੀਆਂ ਪ੍ਰਾਪਤੀਆਂ ਤੋਂ ਵੱਧ ਦਾ ਖ਼ਰਚ ਬਜਟ ਅਨੁਮਾਨ 1228 ਕਰੋੜ ਰੁਪਏ ਆਰੰਭਕ ਬਕਾਏ (-)73 ਕਰੋੜ ਰੁਪਏ ਸਮੇਤ

[ਵਿੱਤ ਮੰਤਰੀ]

ਅੰਤਿਮ ਬਕਾਏ (–)125 ਕਰੋੜ ਰੁਪਏ ਜਨਤਕ ਲੇਖੇ ਤੋਂ ਪੂਰੇ ਕੀਤੇ ਜਾਣੇ ਹਨ।

ਉਪਰੋਕਤ ਅਨੁਮਾਨਾਂ ਨਾਲ ਵਿੱਤੀ ਘਾਟਾ ਜੀ.ਐਸ.ਡੀ.ਪੀ. ਦਾ 2.98 ਫ਼ੀਸਦ ਅਤੇ ਮਾਲ ਆਮਦਨ ਘਾਟਾ ਜੀ.ਐਸ.ਡੀ.ਪੀ. ਦਾ 1.60 ਫ਼ੀਸਦ ਹੋਵੇਗਾ।

ਸਿੱਟਾ

ਮਾਣਯੋਗ ਸਪੀਕਰ ਸਾਹਿਬ

106. ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸਾਡੇ ਹਰਮਨ ਪਿਆਰੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਅਤੇ ਸਾਡੇ ਬਹੁਤ ਹੀ ਗਤੀਸ਼ੀਲ ਮਾਣਯੋਗ ਉਪ-ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ ਉਨ੍ਹਾਂ ਵਲੋਂ ਦਿੱਤੀ ਯੋਗ ਅਗਵਾਈ ਅਤੇ ਵਡਮੁੱਲੇ ਸਹਿਯੋਗ ਲਈ ਤਹਿ ਦਿਲ ਤੋਂ ਸ਼ੁਕਰੀਆ ਅਦਾ ਕਰਦਾ ਹਾਂ।

107. ਮੈਂ ਮਾਣਯੋਗ ਸਪੀਕਰ ਸਾਹਿਬ ਅਤੇ ਮੇਰੇ ਸਤਿਕਾਰਤ ਕੈਬਿਨਟ ਸਹਿਯੋਗੀ ਅਤੇ ਇਸ ਅਜ਼ੀਮ ਸਦਨ ਦੇ ਸਮੁੱਚੇ ਮੈਂਬਰ ਸਾਹਿਬਾਨ ਦਾ, ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਅਤੇ ਸਹਿਯੋਗ ਲਈ ਧੰਨਵਾਦ ਕਰਦਾ ਹਾਂ।

108. ਮੈਂ ਪ੍ਰਮੁੱਖ ਸਕੱਤਰ, ਵਿੱਤ, ਸਕੱਤਰ ਯੋਜਨਾ ਅਤੇ ਵਿੱਤ ਅਤੇ ਯੋਜਨਾ ਵਿਭਾਗ ਦੇ ਅਧਿਕਾਰੀ ਸਾਹਿਬਾਨਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਲ 2015-16 ਦੇ ਬਜਟ ਅਤੇ ਸਾਲਾਨਾ ਯੋਜਨਾ ਦੀ ਤਿਆਰੀ ਲਈ ਅਣਥੱਕ ਕਾਰਜ ਕੀਤਾ ਹੈ।

109. ਸ਼੍ਰੀਮਾਨ ਜੀ ਇਨ੍ਹਾਂ ਸ਼ਬਦਾਂ ਨਾਲ ਮੈਂ ਸਾਲ 2015-16 ਲਈ 79,314 ਕਰੋੜ ਰੁਪਏ ਦੀਆਂ ਤਜਵੀਜ਼ਾਂ ਅਤੇ 21,174 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਇਸ ਅਜ਼ੀਮ ਸਦਨ ਦੇ ਸਨਮੁੱਖ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ।

110. ਪੰਜਾਬੀ ਦੇ ਸਿਰਮੌਰ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਨਿਮਨ ਲਾਈਨਾਂ ਨਾਲ ਮੈਂ ਸਾਡੇ ਪਿਆਰੇ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਰਲ ਕੇ ਕਾਰਜ ਕਰਨ ਲਈ ਹਰੇਕ ਦੇਸ਼ ਵਾਸੀ ਨੂੰ ਸੱਦਾ ਦਿੰਦਾ ਹਾਂ।

ਪੰਜਾਬ! ਕਰਾਂ ਕੀ ਸਿਫ਼ਤ ਤੇਰੀ, ਸ਼ਾਨਾਂ ਦੇ ਸਭ ਸਾਮਾਨ ਤੇਰੇ,
ਜਲ-ਪੌਣ ਤੇਰਾ, ਹਰਿਔਲ ਤੇਰੀ, ਦਰਿਆ, ਪਰਬਤ, ਮੈਦਾਨ ਤੇਰੇ।

ਭਾਰਤ ਦੇ ਸਿਰ ਤੇ ਛਤਰ ਤੇਰਾ, ਤੇਰੇ ਸਿਰ ਛੱਤਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿਚ ਸੇਕ ਜਵਾਲਾ ਦਾ।
ਅਰਸ਼ੀ ਬਰਕਤ ਰੂੰ ਵਾਂਗ ਉੱਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ ਕੇ ਵਿਛਦੀ ਹੈ ਤੇ ਸੋਨਾ ਬਣਦੀ ਜਾਂਦੀ ਹੈ।

ਜੈ ਹਿੰਦ!

ਮਾਨਯੋਗ ਸਪੀਕਰ : ਹੁਣ ਸਦਨ ਵੀਰਵਾਰ, ਮਿਤੀ 19 ਮਾਰਚ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

*12.02 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਵੀਰਵਾਰ, 19 ਮਾਰਚ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

APPENDIX
TO
PUNJAB VIDHAN SABHA
DEBATES

Wednesday, the 18th March, 2015

Vol X-No.4

STARRED QUESTION AND ANSWER

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਡਿਵੈਲਪ ਕੀਤੀਆਂ ਗਈਆਂ ਬੀਜਾਂ ਦੀਆਂ ਕਿਸਮਾਂ

***1874. ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਕਣਕ, ਝੋਨੇ ਅਤੇ ਬਾਸਮਤੀ ਦੀਆਂ ਡਿਵੈਲਪ ਕੀਤੀਆਂ ਗਈਆਂ ਨਵੀਆਂ ਕਿਸਮਾਂ ਕਿੰਨੇ-ਕਿੰਨੇ ਰਕਬੇ ਵਿੱਚ ਬੀਜੀਆਂ ਗਈਆਂ ਸਨ?

ਸਰਦਾਰ ਤੋਤਾ ਸਿੰਘ : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਕਣਕ ਦੀਆਂ ਵਿਕਸਿਤ ਕੀਤੀਆਂ ਨਵੀਆਂ ਕਿਸਮਾਂ ਪੀ.ਬੀ.ਡਬਲਿਊ 621, ਪੀ.ਬੀ. ਡਬਲਿਊ 660 ਅਤੇ ਪੀ.ਬੀ.ਡਬਲਿਊ 644, ਪੀ.ਬੀ.ਡਬਲਿਊ 550, ਪੀ.ਬੀ.ਡਬਲਿਊ 502, ਅਤੇ ਡੀ.ਬੀ.ਡਬਲਿਊ 17 ਆਦਿ ਹੇਠ ਹਾੜੀ 2013-14 ਦੌਰਾਨ ਕ੍ਰਮਵਾਰ 3.29, 0.31 ਅਤੇ 0.59, 2.40, 0.54 ਅਤੇ 0.18 ਲੱਖ ਹੈਕਟਰ ਰਕਬਾ ਕਾਸ਼ਤ ਕੀਤਾ ਗਿਆ ਹੈ। ਇਸ ਤਰ੍ਹਾਂ ਝੋਨੇ ਦੀਆਂ ਨਵੀਆਂ ਵਿਕਸਿਤ ਕੀਤੀਆਂ ਕਿਸਮਾਂ ਪੀ.ਆਰ. 121, ਪੀ.ਆਰ 122 ਅਤੇ ਪੂਸਾ 44 ਹੇਠ ਸਾਉਣੀ 2014 ਦੌਰਾਨ ਕ੍ਰਮਵਾਰ 1.23, 1.70 ਅਤੇ 6.45 ਲੱਖ ਹੈਕਟਰ ਰਕਬਾ ਕਾਸ਼ਤ ਅਧੀਨ ਲਿਆਂਦਾ ਗਿਆ। ਇਸ ਤੋਂ ਇਲਾਵਾ ਬਾਸਮਤੀ ਦੀਆਂ ਕਿਸਮਾਂ ਪੰਜਾਬ ਪੂਸਾ ਬਾਸਤੀ 1121, ਪੂਸਾ ਪੰਜਾਬ ਬਾਸਮਤੀ 1509, ਪੰਜਾਬ ਬਾਸਮਤੀ ਨੰ: 3, ਬਾਸਮਤੀ 386 ਅਤੇ ਪੰਜਾਬ ਬਾਸਮਤੀ ਨੰ: 2-ਹੇਠ ਕ੍ਰਮਵਾਰ 3.54, 3.01, 0.18, 0.10 ਅਤੇ 0.10 ਲੱਖ ਹੈਕਟਰ ਰਕਬਾ ਲਿਆਂਦਾ ਗਿਆ।

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8634/3-2015(1)